Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਮਾਰਚ-ਅਪ੍ਰੈਲ-ਮਈ 2020 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਵਤਾਰ ਪੁਰਬ ਦੀ ਲੱਖ-ਲੱਖ ਵਧਾਈ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# "ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ"



ਧਰਮ ਦੇ ਰੱਖਿਅਕ, ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਾਵਨ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਲਾ 9 ਦੇ ਸਿਰਲੇਖ ਹੇਠ ਦਰਜ ਹੈ। ਉਨ੍ਹਾਂ ਦੀ ਬਾਣੀ 59 ਸ਼ਬਦਾਂ ਦੇ ਰੂਪ ਵਿਚ 15 ਰਾਗਾਂ ਵਿਚ ਤੇ ਇਨ੍ਹਾਂ ਸ਼ਬਦਾਂ ਤੋਂ ਇਲਾਵਾ ਸੁਤੰਤਰ ਰੂਪ ਵਿਚ 57 ਸਲੋਕ 'ਸਲੋਕ ਵਾਰਾਂ' ਤੇ ਵਧੀਕ ਤੋਂ ਬਾਅਦ ਵਿਚ ਦਰਜ ਹਨ। ਗੁਰੂ ਸਾਹਿਬ ਜੀ ਦੀ ਬਾਣੀ ਅਨੰਤ ਗੁਣਾਂ ਨਾਲ ਭਰਪੂਰ ਹੈ। ਇਸ ਵਿਚ ਮਨੁੱਖਤਾ, ਭਾਈਚਾਰਾ, ਆਤਮਿਕ ਗਿਆਨ ਤੇ ਵੈਰਾਗ ਦਾ ਸੁਨੇਹਾ ਮਿਲਦਾ ਹੈ। ਗੁਰੂ ਸਾਹਿਬ ਜੀ ਨੇ ਬਾਣੀ ਵਿਚ ਵੱਖ-ਵੱਖ ਪਹਿਲੂਆਂ ਨੂੰ ਉਪਦੇਸ਼ਾਂ ਰਾਹੀਂ ਮਨੁੱਖੀ ਮਨ ਨੂੰ ਜਾਗਰੁਕ ਕੀਤਾ ਹੈ। ਗੁਰੂ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਦਾ ਕਈ ਵਾਰੀ ਬਿਆਨ ਕੀਤਾ ਹੈ। ਉਹ ਸਮਝਾਉਂਦੇ ਹਨ ਕਿ ਇਹ ਸਰੀਰ ਸਦਾ ਥਿਰ ਰਹਿਣ ਵਾਲਾ ਨਹੀਂ। ਜਿਸ ਤਰ੍ਹਾਂ ਮਨੁੱਖ ਨੀਂਦ ਦੀ ਹਾਲਤ ਵਿਚ ਸੁਪਨੇ ਨੂੰ ਅਸਲ ਵਾਪਰ ਰਹੀ ਗੱਲ ਸਮਝਦਾ ਹੈ, ਜਿਵੇਂ ਬੱਦਲ ਦੀ ਛਾਂ ਬਹੁਤਾ ਚਿਰ ਨਹੀਂ ਠਹਿਰਦੀ ਉਸੇ ਤਰ੍ਹਾਂ ਜਗਤ ਵਿਚ ਜੋ ਕੁਝ ਦਿਸ ਰਿਹਾ ਹੈ ਇਹ ਸਭ ਕੁਝ ਆਪਣੇ ਆਪਣੇ ਸਮੇਂ ਨਾਲ ਨਾਸ਼ ਹੋ ਜਾਂਦਾ ਹੈ। ਸਾਨੂੰ ਜਗਤ ਵਿਚ ਲਿਪਤ ਨਹੀਂ ਰਹਿਣਾ ਚਾਹੀਦਾ। ਪਰਮਾਤਮਾ ਦੀ ਸ਼ਰਨ ਵਿਚ ਪੈਣਾ ਚਾਹੀਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿਚ ਮਨੁੱਖ ਨੂੰ ਮੌਤ ਦੀ ਯਾਦ ਦਿਵਾਉਂਦੇ ਹੋਏ ਫੁਰਮਾਉਂਦੇ ਹਨ ਕਿ ਮੌਤ ਇਕ ਅਟੱਲ ਸਚਾਈ ਹੈ, ਜੋ ਵੀ ਉਪਜਿਆ ਹੈ ਉਸ ਨੇ ਆਖਰਕਾਰ ਬਿਨਸਣਾ ਹੈ। ਕੇਵਲ ਇੱਕੋ ਇਕ ਪਰਮਾਤਮਾ ਹੀ ਕਾਲ ਤੋਂ ਰਹਿਤ ਹੈ। ਗੁਰੂ ਸਾਹਿਬ ਅਟੱਲ ਸਚਾਈ ਪ੍ਰਤੀ ਫੁਰਮਾਨ ਕਰਦੇ ਹਨ :

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥

ਗੁਰੂ ਸਾਹਿਬ ਜੀ ਅਨੁਸਾਰ ਸੰਸਾਰਿਕ ਰਿਸ਼ਤੇ-ਨਾਤੇ ਜਿਵੇਂ ਕਿ ਮਾਤਾ-ਪਿਤਾ, ਪੁੱਤਰ, ਭਾਈ ਅਤੇ ਪਤਨੀ ਆਦਿ ਦੇ ਰਿਸ਼ਤਿਆਂ ਦੀ ਉਮਰ ਬਹੁਤ ਥੋੜ੍ਹੀ ਹੈ ਤੇ ਸਰੀਰ ਤਿਆਗਣ ਉਪਰੰਤ ਕੋਈ ਵੀ ਸਾਥ ਨਹੀਂ ਨਿੱਭਦਾ। ਜਦੋਂ ਮਨੁੱਖਾ ਦੇਹੀ ਵਿੱਚੋਂ ਜਿੰਦ ਨਿਕਲ ਜਾਂਦੀ ਹੈ ਤਾਂ ਕੋਈ ਵੀ ਅੱਧੀ ਘੜੀ ਵੀ ਘਰ ਵਿਚ ਨਹੀਂ ਰੱਖਦਾ, ਜਲਦੀ ਹੀ ਬਾਹਰ ਕੱਢਣ ਦੀਆਂ ਤਿਆਰੀਆਂ ਕੀਤੀਆ ਜਾਂਦੀਆ ਹਨ। ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕੀ, ਹੇ ਭਾਈ! ਪਰਮਾਤਮਾ ਤੋਂ ਬਿਨਾ ਤੇਰਾ ਕੋਈ ਵੀ ਸਹਾਇਤਾ ਕਰਨ ਵਾਲਾ ਨਹੀਂ। ਨਾ ਮਾਂ, ਨਾ ਪਿਉ, ਨਾ ਭਾਈ, ਨਾ ਪੁੱਤਰ, ਨਾ ਪਤਨੀ ਆਦਿ। ਗੁਰੂ ਜੀ ਫੁਰਮਾਉਂਦੇ ਹਨ ਕਿ ਸੁਖ ਵਿਚ ਤਾਂ ਸਾਰੇ ਨੇੜੇ-ਨੇੜੇ ਹੁੰਦੇ ਹਨ, ਪਰ ਜਦੋਂ ਬਿਪਤਾ ਪੈਂਦੀ ਹੈ ਤਾਂ ਸਾਰੇ ਸਾਥ ਛੱਡ ਜਾਂਦੇ ਹਨ, ਫਿਰ ਕੋਈ ਨੇੜੇ ਨਹੀਂ ਢੁਕਦਾ। ਸਾਰਾ ਸੰਸਾਰ ਆਪਣੇ ਸੁਖ ਨਾਲ ਬੱਝਾ ਹੋਇਆ ਹੈ। ਕੋਈ ਵੀ ਤੋੜ ਤਕ ਸਾਥ ਨਿਭਾਉਣ ਵਾਲਾ ਸਾਥੀ ਨਹੀਂ। ਗੁਰੂ ਜੀ ਦਾ ਫੁਰਮਾਨ ਹੈਃ

ਸੁਖ ਮੈ ਆਨਿ ਬਹੁਤ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੇ ॥

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਰ ਨੇਰੈ ॥

ਮਨੁੱਖਾ ਜਨਮ ਵਿਚ ਅਕਾਲ ਪੁਰਖ ਦਾ ਨਾਮ ਹੀ ਅਸਲ ਖਜ਼ਾਨਾ ਹੈ; ਜੋ ਮਨੁੱਖ ਦੇ ਨਾਲ ਜਾਂਦਾ ਹੈ। ਮਨੁੱਖ ਦਾ ਆਚਰਨ ਉੱਚਾ ਹੁੰਦਾ ਹੈ, ਉਹ ਭੈੜੇ ਕਰਮ ਨਹੀਂ ਕਰਦਾ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ; ਉਸ ਨੂੰ ਉਹੋ ਜਿਹਾ ਫਲ ਮਿਲਦਾ ਹੈ। ਉਸ ਨੂੰ ਆਪਣੇ ਕਰਮਾਂ ਦਾ ਲੇਖਾ ਆਪ ਹੀ ਦੇਣਾ ਪੈਂਦਾ ਹੈ। ਕੋਈ ਵੀ ਖ਼ਜ਼ਾਨਾ ਮਨੁੱਖ ਦੀ ਇਸ ਤਰ੍ਹਾਂ ਦੀ ਸਹਾਇਤਾ ਨਹੀਂ ਕਰ ਸਕਦਾ। ਅਨੇਕ ਸਕੇ-ਸਬੰਧੀ ਹੋਣ, ਪਰ ਕੋਈ ਵੀ ਮਦਦਗਾਰ ਨਹੀਂ ਬਣਦਾ। ਜਿਵੇਂ ਰੇਤ ਦਾ ਕੰਧ ਚਾਰ ਦਿਨ ਵੀ ਨਹੀ ਟਿਕਦੀ, ਤਿਵੇਂ ਹੀ ਮਾਇਆ ਦੇ ਸੁਖ ਵੀ ਰੇਤ ਦੀ ਕੰਧ ਵਰਗੇ ਹੀ ਹਨ। ਇੰਨਾ ਸੁਖਾਂ ਵਿਚ ਮਸਤ ਹੋ ਕੇ ਜੀਵਨ ਨੂੰ ਵਿਅਰਥ ਕਰ ਰਹੇ ਮਨੁੱਖ ਨੂੰ ਗੁਰੂ ਸਹਿਬ ਜਾਗਰੂਕ ਕਰ ਰਹੇ ਹਨ ਕਿ, ਹੇ ਭਾਈ! ਸਾਰਾ ਸੰਸਾਰ ਸੁਪਨੇ ਵਰਗਾ ਹੈ। ਇਸ ਜਗਤ ਨੂੰ ਸੁਪਨੇ ਵਾਂਗ ਸਮਝ ਇਹ ਜਗਤ ਇਕ ਛਿਨ ਵਿਚ ਹੀ ਨਸ਼ਟ ਹੋ ਜਾਂਦਾ ਹੈ ਪਰਮਾਤਮਾ ਹੀ ਸਦਾ ਅੰਗ-ਸੰਗ ਵੱਸਦਾ ਹੈ। ਪ੍ਰਭੂ ਦੇ ਪਿਆਰ ਵਿਚ ਉਸ ਦਾ ਨਾਮ ਸਿਮਰਨ ਕਰਿਆ ਕਰ। ਅਜੇ ਵੀ ਤੇਰਾ ਕੁਝ ਨਹੀਂ ਵਿਗੜਿਆ, ਬਾਕੀ ਦਾ ਸਮਾਂ ਅਕਾਲ ਪੁਰਖ ਦੇ ਨਾਮ-ਸਿਮਰਨ ਵਿਚ ਗੁਜ਼ਾਰ। ਗੁਰੂ ਸਾਹਿਬ ਜੀ ਨੇ ਆਪਣੀ ਪਾਵਨ ਬਾਣੀ ਵਿਚ ਪਰਮਾਤਮਾ ਨੂੰ ਕਈ ਨਾਵਾਂ ਨਾਲ ਜਿਵੇਂ ਕਿ- ਬ੍ਰਹਮ, ਗੋਬਿੰਦ, ਰਾਮ, ਭਗਵਾਨ, ਦੀਨਾ ਨਾਥ, ਹਰੀ ਮੁਰਾਰੀ ਆਦਿ ਕਰ ਕੇ ਸੰਬੋਧਿਤ ਕੀਤਾ ਹੈ। ਆਪ ਜੀ ਨੇ ਪਰਮਾਤਮਾ ਦੀ ਸਰਬ-ਬਿਆਪਕਤਾ ਦਾ ਅਤਿ ਸੁੰਦਰ ਚਿਤਰਨ ਕਰਦਿਆ ਕਿਹਾ ਹੈ ਕਿ, ਜਿਵੇਂ ਫੁੱਲਾਂ ਵਿਚ ਸੁਗੰਧ ਵਿਦਮਾਨ ਰਹਿੰਦੀ ਹੈ ਅਤੇ ਸ਼ੀਸ਼ੇ ਵਿਚ ਛਾਇਆ ਮੌਜੂਦ ਹੁੰਦਾ ਹੈ; ਉਸੇ ਤਰ੍ਹਾਂ ਹੀ ਪਰਮਾਤਮਾ ਸਾਰੇ ਜੀਵਾਂ ਦੇ ਅੰਦਰ ਵਸਦਾ ਹੈ। ਇਸ ਲਈ ਉਸ ਨੂੰ ਜੰਗਲਾਂ ਵਿਚ ਲੱਭਣ ਦੀ ਲੋੜ ਨਹੀਂ, ਸਗੋਂ ਆਪਣੇ ਹਿਰਦੇ ਵਿੱਚੋਂ ਹੀ ਲੱਭਣ ਦੀ ਕੋਸ਼ਿਸ਼ ਕਰ।

ਗੁਰੂ ਸਾਹਿਬ ਜੀ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਭੈੜੇ ਮਨੁੱਖ ਦੀ ਸੰਗਤ ਵਾਂਗ ਨੁਕਸਾਨ ਕਰਦੇ ਹਨ। ਇਨ੍ਹਾਂ ਨੂੰ ਤਿਆਗਣ ਦਾ ਯਤਨ ਕਰਨਾ ਚਾਹੀਦਾ ਹੈ। ਗੁਰੂ ਸਾਹਿਬ ਮਨੁੱਖੀ ਮਨ ਦੀ ਦਸ਼ਾ ਨੂੰ ਸਮਝਾਉਂਦੇ ਹੋਏ ਫ਼ੁਰਮਾਨ ਕਰਦੇ ਹਨ ਕਿ, ਮੈਂ ਇਸ ਮਨੁੱਖੀ ਮਨ ਦੀ ਭੈੜੀ ਹਾਲਤ ਕਿਸ ਨੂੰ ਦੱਸਾਂ? ਲੋਭ ਵਿਚ ਫਸਿਆ ਹੋਇਆ ਇਹ ਮਨ ਦਸੀਂ ਪਾਸੀਂ ਦੌੜਦਾ ਫਿਰਦਾ ਹੈ। ਇਸ ਨੂੰ ਧਨ ਜੋੜਨ ਦੀ ਲਾਲਸਾ ਚਿੰਬੜੀ ਰਹਿੰਦੀ ਹੈ। ਇਹ ਮਨ ਸੁਖ ਹਾਸਲ ਕਰਨ ਵਾਸਤੇ ਹਰ ਇਕ ਦੀ ਖ਼ੁਸ਼ਾਮਦ ਕਰਦਾ ਰਹਿੰਦਾ ਹੈ ਤੇ ਸੁਖ ਦੀ ਥਾਂ ਸਗੋਂ ਦੁਖ ਸਹਾਰਦਾ ਹੈ। ਦਰ ਦਰ ਤੇ ਭਟਕਦਾ ਹੈ, ਇਸ ਨੂੰ ਪਰਮਾਤਮਾ ਦਾ ਭਜਨ ਕਰਨ ਦੀ ਕਦੇ ਵੀ ਸਮਝ ਨਹੀਂ ਪੈਂਦੀ। ਮਨ ਨੂੰ ਵੱਸ ਕਰਨ ਦਾ ਤੇ ਨਾਮ-ਸਿਮਰਨ ਦੇ ਮਾਰਗ ਤੇ ਤੁਰਨ ਦਾ ਤਰੀਕਾ ਵੀ ਦੱਸਦੇ ਹੋਏ ਫ਼ੁਰਮਾਉਂਦੇ ਹਨ ਕਿ ਰਸਨਾ ਨਾਲ ਪ੍ਰਭੂ ਦੇ ਗੁਣ ਗਾਓ ਤੇ ਕੰਨਾਂ ਨਾਲ ਸੁਣੋ:

**ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥**
**ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥**

ਗੁਰੂ ਸਾਹਿਬ ਜੀ ਦਿਰਸ਼ਟਾਂਤ ਦੁਆਰਾ ਸਮਝਾਉਦੇ ਹਨ ਕਿ ਹੇ ਭਾਈ ! ਪਰਮਾਤਮਾ ਦੇ ਨਾਮ ਨਾਲ ਸਾਂਝ ਪਾਈ ਰੱਖ। ਇਹ ਨਾਮ ਸਾਰੇ ਦੁਖਾਂ ਦਾ ਨਾਸ਼ ਕਰਨ ਵਾਲਾ ਹੈ ਇਸ ਨਾਮ ਨੂੰ ਸਿਮਰ ਕੇ ਅਜਾਮਲ ਵਿਕਾਰਾਂ ਤੋਂ ਹਟ ਗਿਆ, ਗਨਿਕਾ ਵਿਕਾਰਾਂ ਦੇ ਜਾਲ ਤੋਂ ਮੁਕਤ ਹੋ ਗਈ। ਜਦੋਂ ਗਜ ਨੇ ਅਕਾਲ ਪੁਰਖ ਦਾ ਨਾਮ ਉਚਾਰਿਆ ਤਾਂ ਉਸ ਦੀ ਬਿਪਤਾ ਦੂਰ ਹੋ ਗਈ ਤੇ ਉਹ ਤੇਂਦੂਏ ਦੀ ਜਕੜ ਤੋਂ ਮੁਕਤ ਹੋ ਗਿਆ। ਨਾਰਦ ਦੇ ਉਪਦੇਸ਼ ਨੂੰ ਸੁਣ ਕੇ ਧ੍ਰੂ ਨੇ ਪਰਮਾਤਮਾ ਦਾ ਨਾਮ ਸਿਮਰਿਆ ਤੇ ਸਦਾ ਲਈ ਅਮਰ ਹੋ ਗਿਆ। ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਪਾਵਨ ਬਾਣੀ ਵਿਚ ਉਪਰੋਕਤ ਵਿਸ਼ਿਆਂ ਤੋਂ ਇਲਾਵਾ ਮਾਇਆ, ਨਿਰਭੈ, ਸਾਧ-ਸੰਗਤ, ਗੁਰੂ ਗਿਆਨ, ਸੁਖ ਦਾ ਸੰਕਲਪ, ਕਰਮ-ਕਾਂਡ ਆਦਿ ਵਿਸ਼ਿਆਂ ਤੇ ਵੀ ਚਾਨਣਾ ਪਾ ਕੇ ਇਨ੍ਹਾਂ ਦੀ ਅਸਲੀਅਤ ਨੂੰ ਬਿਆਨਿਆ ਹੈ। ਗੁਰੂ ਸਾਹਿਬ ਜੀ ਦੀ ਬਾਣੀ ਨੂੰ ਪੂਰਨ ਤੌਰ ਤੇ ਬਿਆਨ ਕਰਨਾ ਸੂਰਜ ਨੂੰ ਦੀਵਾ ਦਿਖਾਉਣ ਦੇ ਬਰਾਬਰ ਹੈ। ਗੁਰੂ ਸਹਿਬ ਜੀ ਦੀ ਬਾਣੀ ਦੀ ਸਿੱਖਿਆ ਦਾ ਪ੍ਰਭਾਵ ਸਾਡੇ ਮਨਾ ਤੇ ਪਵੇ ਤੇ ਅਸੀਂ ਪਰਮਾਤਮਾ ਨਾਲ ਜੁੜ ਸਕੀਏ। ਗੁਰੂ ਸਹਿਬ ਜੀ ਦੀ ਬਾਣੀ ਵਿਚ ਸਾਡੇ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਬੜੇ ਸੁਚੱਜੇ ਢੰਗ ਨਾਲ ਦਰਸਾਅ ਕੇ ਉਸ ਅਕਾਲ ਪੁਰਖ ਦਾ ਰਾਹ ਦੱਸਣ ਦੀ ਪ੍ਰੇਰਨਾ ਕੀਤੀ ਗਈ ਹੈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**


# ਫੌਜ ਦੀ ਭਰਤੀ

ਪਟਿਆਲਾ, ਮਾਨਸਾ, ਸੰਗਰੂਰ, ਬਰਨਾਲਾ, ਫਤਿਹਗੜ੍ਹ ਸਾਹਿਬ ਫੌਜ ਦੀ ਭਰਤੀ ਦੇ ਫਾਰਮ ਮਿਤੀ: **02.06.2020** ਤੋਂ ਸ਼ੁਰੂ ਹਨ। ਆਖਰੀ ਮਿਤੀ: **16.07.2020**
ਜੀ.ਡੀ. ਉਮਰ ਹੱਦ: 17.5 ਤੋਂ 21 ਸਾਲ (01.10.1999 ਤੋਂ 01.04.2003)

**ਯੋਗਤਾ: 10ਵੀਂ ਪਾਸ**

**ਕਲਰਕ ਦੀ ਉਮਰ: 17.5 ਤੋਂ 23 ਸਾ**

**01.10.1997 ਤੋਂ 01.04.2003**

**+2 ਪਾਸ (ਹਰ ਵਿਸ਼ੇ ਚ 50% ਅੰਕਾਂ ਹੋਣ)**

**ਰੋਲ ਨੰ: ਆਉਣ ਦੀ ਮਿਤੀ: 17.07.2020**

# ਲੁਬਾਣਾ ਸੇਵਕ

**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
singh_parminderjit@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**
ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਆਉਣ ਵਾਲੇ ਜਨਵਰੀ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਜੇਠ) 14-05-2020 (ਵੀਰਵਾਰ)
ਸੰਗਰਾਂਦ - (੧ ਹਾੜ) 14-06-2020 (ਐਤਵਾਰ)
ਪੂਰਨਮਾਸ਼ੀ - (੨੫ ਵੈਸਾਖ) 07-05-2020 (ਵੀਰਵਾਰ)
ਮੱਸਿਆ - (੧ ਜੇਠ) 22-05-2020 (ਸ਼ੁੱਕਰਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 97 | ਮਾਰਚ-ਅਪ੍ਰੈਲ-ਮਈ - 2020

1. "ਹੋਲਾ ਮਹੱਲਾ" 5
2. ਵਿਸਾਖੀ ਪੁਰਬ : ਮਾਨਵੀ ਸਾਂਝੀਵਾਲਤਾ ਦਾ ਇਤਿਹਾਸ ਸੱਚ 6
3. ਸ਼ਹੀਦਾਂ ਦੇ ਸਿਰਤਾਜ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ... 11
4. ਗਿਆਨ ਸਾਗਰ ਦੇ ਸੁੱਚੇ ਮੋਤੀ 13
5. ਸੰਤ ਪ੍ਰੇਮ ਸਿੰਘ ਜੀ 15
6. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 17
7. ਸਿਖੀ ਸਿਖਿਆ ਗੁਰੁ ਵੀਚਾਰਿ ॥ 20
8. ਹੱਸਣਾ ਤੇ ਕੁੱਝ ਹਾਸੇ ਬਾਰੇ 21
9. ਆਓ ਜਾਣੀਏ ! 22
10. ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਕੁਝ ਇਤਿਹਾਸਕ..... 23
11. ਕਹਾਣੀ/ਵਿਲਕਦਾ ਬਚਪਨ 24
12. ਬੱਚਿਆਂ ਦੀ ਯੋਗ ਸਿੱਖਿਆ ਅਤੇ ਕੰਮਕਾਜ ਪ੍ਰਾਪਤੀਆਂ..... 27
13. ਸਿਹਤ ਸੰਭਾਲ, ਸ਼ਬਦਾਂ ਦੇ ਸੰਜੋਗ 28
14. ਕਾਵਿ-ਕਿਆਰੀ 29
15. खालसे की वैसाखी 31
16. Guru Angad Dev Ji 32
17. Matrimonial 33
19. ਦਾਨੀ ਸੱਜਣਾਂ ਦੀ ਸੂਚੀ 35
19. ਬਾਣੀ ਮਹਲਾ ੯ ਸਟੀਕ 42

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by
Jagir Singh Lalia for Baba Makhan Shah Lobana Foundation (Regd.)
Sector 30-A, Chandigarh.**

**Computer Designing - WP&S, M.: 98153-78692**

# "ਹੋਲਾ ਮਹੱਲਾ"

ਸਮੇ-ਸਮੇ ਦੀਆਂ ਸਰਕਾਰਾਂ ਖਾਲਸੇ ਦੀ ਚੜ੍ਹਦੀ ਕਲਾ ਦੇ ਨਜ਼ਾਰੇ ਵੇਖ ਕੇ ਖਾਲਸੇ ਨਾਲ ਸਮਝੌਤੇ ਵੀ ਕਰਦੀਆਂ ਰਹੀਆਂ ਹਨ। ਅਜਿਹਾ ਹੀ ਇੱਕ ਸਮਝੌਤਾ ਕਰਨ ਲਈ 1748 ਈ: ਵਿਚ ਅਦੀਨਾ ਬੇਗ ਫੌਜਦਾਰ ਜਲੰਧਰ ਨੇ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਪਰ ਪਤਾ ਲੱਗ ਗਿਆ ਕਿ ਸਮਝੌਤੇ ਦੀ ਆੜ ਵਿਚ ਸਰਕਾਰ ਦੀ ਬੇਈਮਾਨੀ ਲੁੱਕੀ ਹੋਈ ਹੈ, ਤਾਂ ਸਰਦਾਰ ਆਹਲੂਵਾਲੀਆ ਨੇ ਅਦੀਨਾ ਬੇਗ ਨੂੰ ਲਿਖਿਆ "ਮੁਲਾਕਾਤ ਤਾਂ ਹਮਰੀ ਤੁਮਰੀ ਲੜਾਈ ਮੇਂ ਹੀ ਹੋਵੇਗੀ। ਔਰ ਜੋਨ ਸੇ ਹਥਿਆਰ ਊਹਾਂ ਛੂਟੇਂਗੇ, ਸੋਈ ਦਿਲ ਕੀ ਬਾਤਾਂ ਜਾਹਰ ਹੋਵੇਂਗੀਆਂ।" ਇਸ ਵਰਨਨ ਤੋਂ ਸਿੰਘਾਂ ਦੀ ਚੜ੍ਹਦੀ ਕਲਾ ਦੀ ਸੰਖੇਪ ਜਿਹੀ ਝਲਕ ਜ਼ਰੂਰ ਮਿਲ ਜਾਂਦੀ ਹੈ। ਦੇਸ਼ ਭਗਤ ਸੂਰਮੇ ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਸਿੰਘਾਂ ਅੰਦਰ ਚੜ੍ਹਦੀ ਕਲਾ ਦੀ ਭਾਵਨਾ ਸਦਾ ਹੀ ਬਣੀ ਰਹੇ। ਇਸ ਲਈ ਆਪਣੇ ਯੁੱਧ-ਵਿੱਦਿਆ ਦੇ ਅਭਿਆਸ ਨੂੰ ਸਦਾ ਲਈ ਜਾਰੀ ਰੱਖਣ ਵਾਸਤੇ 'ਹੋਲਾ ਮਹੱਲਾ' ਮਨਾਉਣ ਦੀ ਰੀਤ ਤੋਰੀ।

ਪਰ ਹੋਲੀ ਇੱਕ ਮੌਸਮੀ ਤਿਉਹਾਰ ਹੈ। ਸਰਦੀਆਂ ਮੁੱਕਣ 'ਤੇ ਜਦੋਂ ਖੁਲ੍ਹਾ ਮੌਸਮ ਆ ਜਾਂਦਾ ਹੈ, ਨਾ ਸਰਦੀ ਹੁੰਦੀ ਹੈ, ਨਾ ਗਰਮੀ ਤਾਂ ਲੋਕ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਨੱਚਦੇ-ਟੱਪਦੇ, ਹੱਸਦੇ-ਖੇਡਦੇ ਤੇ ਗਾਉਂਦੇ ਹਨ। ਬਨਸਪਤੀ ਮੌਲੀ ਹੁੰਦੀ ਹੈ। ਰੁੱਖ-ਬ੍ਰਿੱਖ ਹਰੇ ਤੇ ਖਿੜ੍ਹੇ ਹੁੰਦੇ ਹਨ। ਕੁਦਰਤ ਦੀ ਤਰ੍ਹਾਂ ਮਨੁੱਖ ਵੀ ਖੁਸ਼ੀ ਵਿੱਚ ਸ਼ਾਮਿਲ ਹੁੰਦੇ ਹਨ ਤੇ ਇੱਕ ਦੂਜੇ ਤੇ ਰੰਗ, ਗੁਲਾਲ ਆਦਿ ਸੁੱਟਦੇ ਹਨ। ਫੱਗਣ ਸੁਦੀ 11 ਤੋਂ 15 ਤੱਕ ਫਾਗ ਭਾਵ ਹੋਲੀ ਖੇਡੀ ਜਾਂਦੀ ਹੈ। ਦਸਵੇਂ ਪਾਤਸ਼ਾਹ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਸਮੇਂ ਅਤਰ ਤੇ ਗੁਲਾਲ ਨਾਲ ਹੋਲੀ ਖੇਡੀ ਜਾਂਦੀ ਸੀ। ਸਿੰਘਾਂ ਅੰਦਰ ਚੜ੍ਹਦੀ ਕਲਾ ਦੀ ਭਾਵਨਾਂ ਉਜਾਗਰ ਕਰਨ ਲਈ ਯੁੱਧ ਵਿੱਦਿਆ ਦੇ ਅਭਿਆਸ ਨੂੰ ਕਾਇਮ ਰੱਖਣਾ ਜ਼ਰੂਰੀ ਸਮਝਿਆ ਗਿਆ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਨਵੇਂ ਢੰਗਾਂ ਨਾਲ ਸਿੰਘਾਂ ਅੰਦਰ ਹੋਲਾ ਮਹੱਲਾ ਮਨਾਉਣ ਦਾ ਰਿਵਾਜ਼ ਸ਼ੁਰੂ ਕੀਤਾ। ਖਾਲਸਾ ਸਾਜਣ ਪਿੱਛੋਂ ਆਪ ਨੇ ਸੰਮਤ 1757 ਚੇਤ ਵਦੀ ਏਕਮ ਨੂੰ ਇੱਕ ਨਵਾਂ ਸਥਾਨ "ਹੋਲਗੜ੍ਹ" ਰਚ ਕੇ ਹੋਲਾ ਮਹੱਲਾ ਖੇਡਣ ਦੀ ਨਵੀਂ ਰੀਤ ਚਲਾਈ। ਦੋ ਜੱਥੇ ਬਣਾ ਕੇ ਇੱਕ ਨੂੰ ਲੋਹਗੜ੍ਹ ਤੇ ਕਬਜ਼ਾ ਕਰਕੇ ਮੋਰਚਾ ਕਾਇਮ ਕਰਨ ਲਈ ਕਹਿ ਦਿੱਤਾ ਗਿਆ। ਦੂਸਰੇ ਜੱਥੇ ਨੂੰ ਲੋਹਗੜ੍ਹ ਉੱਤੇ ਚੜ੍ਹਾਈ ਕਰਨ ਦੇ ਹੁਕਮ ਦੇ ਦਿੱਤੇ ਗਏ। ਡੇਢ ਪਹਿਰ ਦੋਹਾਂ ਪਾਸਿਆਂ ਤੋਂ ਘਮਸਾਨ ਦਾ ਯੁੱਧ ਹੋਇਆ। ਤੀਰ ਤੇ ਗੋਲੀ ਚਲਾਉਣ ਦੀ ਮਨਾਹੀ ਸੀ ਕਿਉਂਕਿ ਦੋਵੇਂ ਪਾਸੇ ਖਾਲਸਈ ਫੌਜਾਂ ਸਨ।

ਦੋਹਾਂ ਫੌਜਾਂ ਵਿਚ ਅੰਤਰ ਰੱਖਣ ਲਈ ਹੋਲਗੜ੍ਹ 'ਤੇ ਕਾਬਜ਼ ਜੱਥੇ ਦੇ ਬਸਤਰ ਚਿੱਟੇ ਸਨ ਤੇ ਦੂਸਰੇ ਦਲ ਦੇ ਹਲਕੇ ਕੇਸਰੀ। ਅੰਤ ਬੜੇ ਯਤਨਾਂ ਨਾਲ ਤੇ ਲੜਾਈ ਦੇ ਦਾਅ-ਪੇਚਾਂ ਅਨੁਸਾਰ ਅੱਗੇ ਵਧਦੀ ਹੋਈ, ਕੇਸਰੀ ਪੁਸ਼ਾਕਾਂ ਵਾਲੀ ਸੈਨਾ ਨੇ ਹੋਲਗੜ੍ਹ 'ਤੇ ਕਬਜ਼ਾ ਕਰ ਲਿਆ। ਉਸ ਦਿਨ ਪੰਜ ਹਜ਼ਾਰ ਦਾ ਕੜਾਹ ਪ੍ਰਸ਼ਾਦ ਬਣਾਇਆ ਗਿਆ ਜੋ ਸਿੰਘਾਂ ਨੇ ਰੱਜ-ਰੱਜ ਕੇ ਛਕਿਆ ਤੇ ਖੁਸ਼ੀਆਂ ਮਨਾਈਆਂ।

ਅੱਜ ਵੀ ਹੋਲੇ-ਮਹੱਲੇ ਦਾ ਰਿਵਾਜ਼ ਸਿੰਘਾਂ ਵਿਚ ਉਸੇ ਤਰ੍ਹਾਂ ਚਲਿਆ ਆਉਂਦਾ ਹੈ। ਆਨੰਦਪੁਰ ਸਾਹਿਬ ਤੋਂ ਛੁੱਟ ਅੰਮ੍ਰਿਤਸਰ ਵਿਚ ਵੀ ਨਿਸ਼ਾਨ ਸਾਹਿਬ ਦੀ ਤਾਬਿਆ, ਅਕਾਲ ਤਖ਼ਤ ਸਾਹਿਬ ਤੋਂ ਮਹੱਲਾ ਚੜ੍ਹਦਾ ਹੈ ਜੋ ਸ਼ਹਿਰ ਦੀ ਪ੍ਰਕਰਮਾਂ ਕਰਦਾ ਹੋਇਆ, ਬੁਰਜ ਬਾਬਾ ਫੂਲਾ ਸਿੰਘ ਵਿਖੇ ਸਮਾਪਤ ਹੁੰਦਾ ਹੈ। ਇਸ ਮਹੱਲੇ ਵਿਚ ਕਈ ਪ੍ਰਕਾਰ ਦੇ ਸਰੀਰਕ ਕਰਤਬ ਦਿਖਾਉਣ ਵਾਲੇ ਜੱਥੇ, ਘੋੜ ਸਵਾਰ ਨਿਹੰਗ, ਗਤਕਾ ਪਾਰਟੀਆਂ, ਮੋਟਰ ਸਾਈਕਲ ਤੇ ਸਕੂਟਰ ਸਵਾਰ ਨੌਜਵਾਨ ਅਤੇ ਬੈਂਡ ਪਾਰਟੀਆਂ, ਇਸਤਰੀ ਜੱਥੇ, ਸਿੰਘ ਸਭਾਵਾਂ ਤੇ ਹੋਰ ਸਭਾ-ਸੁਸਾਇਟੀਆਂ ਅਤੇ ਸੰਗਤਾਂ ਸ਼ਾਮਿਲ ਹੁੰਦੀਆਂ ਹਨ। ਇਸ ਤੋਂ ਛੁੱਟ ਸਥਾਨਕ ਤੌਰ 'ਤੇ ਪਿੰਡਾਂ ਵਿੱਚ ਵੀ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਹੋਲਾ ਮਹੱਲਾ ਖਾਲਸੇ ਦੀ ਸਦਾ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਹੋਲੀ ਅਤੇ ਹੌਲਾ ਮੇਲਾ ਅਨੰਦਪੁਰ ਸਾਹਿਬ ਵਿਖੇ ਤਿੰਨ ਦਿਨ ਮਨਾਉਂਦੇ ਹਨ, ਪਰ ਇਸ ਵਿੱਚ ਹਿੱਸਾ ਲੈਣ ਵਾਲੇ ਪੂਰਾ ਸਪਤਾਹ ਆਪਣੀ ਬਹਾਦਰੀ ਦੇ ਕਰਤਬ ਜਿਵੇਂ ਕਿ ਘੋੜ ਸਵਾਰੀ, ਤਲਵਾਰ ਵਾਜੀ, ਨੇਜੇ ਤੀਰ ਕਮਾਨ ਅਤੇ ਹੋਰ ਕਈ ਲੜਾਈ ਦੇ ਸ਼ਸ਼ਤਰਾਂ ਦਾ ਕਮਾਲ ਦਿਖਾ ਕਿ ਗੁਰੂ ਦੀ ਫੌਜ ਨਿਹੰਗ ਸਿੰਘ ਸਭ ਸੰਗਤਾ ਨੂੰ ਖੁਸ਼ ਕਰਦੇ ਹਨ। ਸੰਗਤਾਂ ਕੀਰਤਨ ਮਯੂਜਿਕ ਗੁਰਦੁਵਾਰਾ ਸਾਹਿਬ ਬੈਠ ਕੇ ਖੁਸ਼ੀਆਂ ਮਾਣਦੀਆ ਹਨ ਅਤੇ ਸੰਗਤਾਂ ਪੰਗਤ ਵਿੱਚ ਲੰਗਰ ਛੱਕਦੀਆਂ ਹਨ। ਇਸ ਦਿਨ ਤਖਤ ਸ਼੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਤੇ ਚੱਲ ਕਿ ਇਕ ਸੁੰਦਰ ਨਗਰ ਕਿਰਤਨ ਨਿਕਲਦਾ ਹੈ। ਭਾਈ ਕਾਹਨ ਸਿੰਘ ਜਿਨ੍ਹਾਂ ਨੇ ਮਹਾਨ ਕੋਸ਼ ਸਿੱਖ ਧਰਮ ਦਾ ਪਹਿਲਾ ਇਨਸਾਈਕਲੋਪੀਡੀਆਂ ਲਿਖ ਕੇ 20ਵੀਂ ਸਦੀ ਵਿੱਚ ਦਰਜ ਕੀਤਾ ਹੈ ਕਿ ਹੋਲਾ ਸ਼ਬਦ ਦਾ ਅਰਥ ਇਕ ਮਿਲਟਰੀ ਟਾਇਪ ਜਲੂਸ ਨੂੰ ਕਿਹਾ ਜਾਂਦਾ ਹੈ।

ਡਾ. ਐਮ. ਐਸ ਆਹਲੂਵਾਲੀਆ ਲਿਖਦੇ ਹਨ ਕਿ ਮਹੱਲਾ ਦਾ ਮਤਲਬ ਹੈ ਕਿ ਆਰਮੀ ਟਾਇਪ ਇਕੱਠ ਕਰਕੇ ਢੌਲ ਤਮਾਕਿਆਂ ਜੋ ਯੁਧ ਜਿੱਤਣ ਤੇ ਵਜਾਏ ਜਾਂਦੇ ਹਨ ਇਕ ਤਰ੍ਹਾਂ ਦਾ ਜਲੂਸ ਕਿਹਾ ਹੈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.) ਚੰਡੀਗੜ੍ਹ।**

# ਵਿਸਾਖੀ ਪੁਰਬ : ਮਾਨਵੀ ਸਾਂਝੀਵਾਲਤਾ ਦਾ ਇਤਿਹਾਸਕ ਸੱਚ

**ਇਕਬਾਲ ਕੌਰ ਸੌਂਦ (ਡਾ.)**




ਭਾਰਤ ਵਿੱਚ ਵਿਸਾਖੀ ਦੇ ਮਹੀਨੇ ਅਰਥਾਤ 'ਵਿਸਾਖੀ' ਦੇ ਮੇਲੇ ਅਤੇ ਤਿਉਹਾਰ ਦੇ ਮਹੱਤਵ ਦੇ ਪਿਛੋਕੜ ਵਿੱਚ ਕੁਝ ਮਿਥਿਹਾਸਕ ਵਿਸ਼ਵਾਸ, ਪ੍ਰਕਿਰਤਕ ਆਰਥਿਕ ਪ੍ਰਸਿਥਤੀਆਂ, ਧਾਰਮਿਕ ਮਾਨਤਾਵਾਂ, ਸੱਭਿਆਚਾਰਕ ਲੋੜਾਂ ਅਤੇ ਇਤਿਹਾਸਕ ਸੱਚ ਦੇ ਵੱਖ-ਵੱਖ ਪਸਾਰ ਖੁੱਲ੍ਹਦੇ ਹਨ। ਮਿਥਿਹਾਸਕ ਵਿਆਖਿਆ ਅਨੁਸਾਰ ਵਿਸਾਖੀ ਦੀ ਸੰਗਰਾਂਦ ਵਾਲੇ ਦਿਨ ਸੂਰਜ ਮੇਖ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ ਜਿਸ ਦੀਆਂ ਪਹਿਲੀਆਂ ਕਿਰਨਾਂ ਦੇ ਅੰਤਰਗਤ ਮਨੁੱਖੀ ਸਰੀਰ ਵਿੱਚ ਲਹੂ ਦਾ ਸੰਚਾਰ, ਤੀਬਰ ਗਤੀ ਵਿੱਚ ਬਦਲ ਜਾਂਦਾ ਹੈ। ਇਹ ਇਕ ਪ੍ਰਕਾਰ ਦੀ ਖੂਨ ਖੌਲਣ ਵਾਲੀ ਸਥਿਤੀ ਹੁੰਦੀ ਹੈ। ਮੰਨਿਆ ਜਾਂਦਾ ਹੈ ਇਸ ਸਮੇਂ ਦੌਰਾਨ ਮਨੁੱਖ ਲਈ, ਇਸ਼ਨਾਨ ਕਰਨਾ ਲਾਭਕਾਰੀ ਹੁੰਦਾ ਹੈ। ਇਸ਼ਨਾਨ ਨਾਲ ਲਹੂ ਦਾ ਗੇੜ ਠੀਕ ਚਾਲੇ ਪੈ ਜਾਂਦਾ ਹੈ ਅਤੇ ਸਰੀਰਕ ਸ਼ੁਧਤੀ ਦਾ ਸੰਕਲਪ ਪੂਰਾ ਹੋ ਜਾਂਦਾ ਹੈ। ਨਦੀਆਂ ਦਰਿਆਵਾਂ ਉੱਤੇ ਬਣੇ ਤੀਰਥ-ਅਸਥਾਨ ਇਸ ਵਿਸ਼ਵਾਸ ਦੇ ਅੰਤਰਗਤ ਹੀ ਹੋਂਦ ਵਿੱਚ ਆਏ ਹਨ ਉਥੇ ਦਾਨ-ਇਸ਼ਨਾਨ ਦੇ ਅਨੁਸ਼ਠਾਨਾਂ (Rituals) ਦਾ ਨਿਭਾਅ ਕੀਤਾ ਜਾਂਦਾ ਹੈ।

ਕ੍ਰਾਂਤੀਕਾਰੀ ਗੁਰੂ ਨਾਨਕ ਦੇਵ ਜੀ ਨੇ ਵਿਗਿਆਨਕ ਚੇਤਨਾ ਦੀ ਦਿਸ਼ਾ ਵਿਚ ਸਰੀਰਕ ਸ਼ੁਧਤਾ ਅਤੇ ਮਨ ਦੇ ਸ਼ੁਧ ਵਿਚਾਰਾਂ ਵਿਚਲੀ ਸਥਿਤੀ ਨੂੰ ਸਪੱਸ਼ਟ ਕਰਦਿਆਂ ਦੱਸਿਆ ਹੈ :

**ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥**
**ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥**

ਪ੍ਰਕਿਰਤਕ ਅਰਥਾਤ ਰੁੱਤ-ਚੱਕਰ ਦੀ ਸਥਿਤੀ ਦੇ ਆਧਾਰ 'ਤੇ ਵਿਸਾਖੀ ਦਾ ਮਹੀਨਾ ਖੁਸ਼ੀਆਂ-ਖੇੜਿਆਂ ਭਰਪੂਰ ਹੁੰਦਾ ਹੈ। ਇਸ ਮਹੀਨੇ ਪ੍ਰਕਿਰਤੀ ਆਪਣੇ ਪੂਰੇ ਜੋਬਨ ਉੱਤੇ ਹੁੰਦੀ ਹੈ। ਫੁੱਲ-ਬੂਟੇ ਵੇਸ ਬਦਲਦੇ ਹਨ ਭਾਵ ਪੂਰੀ ਤਰ੍ਹਾਂ ਖਿੜਦੇ-ਮੌਲਦੇ ਅਤੇ ਰੰਗਾਂ ਵਿੱਚ ਰੰਗੇ ਜਾਂਦੇ ਹਨ। ਬਾਰਹਾਮਾਹ ਤੁਖ਼ਾਰੀ (ਗੁਰੂ ਗ੍ਰੰਥ ਸਾਹਿਬ) ਵਿਚ ਅੰਕਿਤ ਹੈ:

**ਵੈਸਾਖ ਭਲਾ ਸਾਖਾ ਵੇਸ ਕਰੇ ॥**


ਬਾਰਹਮਾਹ ਮਾਝ ਵਿਚ ਗੁਰੂ ਅਰਜਨ ਦੇਵ ਨੇ ਵਿਸਾਖ ਦੀ ਖੁਸ਼ੀ ਵਿੱਚ ਮਨੁੱਖ ਨੂੰ ਮਾਇਆ ਵਿਚ ਵਧੇਰੇ ਖਚਿੱਤ ਹੋਣ ਤੋਂ ਚੇਤੰਨ ਕੀਤਾ ਹੈ।

ਸਰਦੀ ਦੀ ਰੁੱਤ ਪਿੱਛੋਂ ਵਿਸਾਖ ਵਿੱਚ ਬਿਰਖਾਂ ਦੀਆਂ ਨਵੀਆਂ ਲਗਰਾਂ ਫੁੱਟਦੀਆਂ ਹਨ। ਕਿਧਰੇ ਪੱਤੇ ਹਰੇ-ਕਚੂਰ ਰੰਗ ਦੀ ਭਾਹ ਮਾਰਦੇ ਹਨ ਕਿਧਰੇ ਨੀਮ ਹਰੇ ਰੰਗ ਦੀਆਂ ਰੇਸ਼ਮੀ ਛੋਹ ਵਰਗੀਆਂ ਮੁਲਾਇਮ ਪੱਤੀਆਂ ਚਮਕਦੀਆਂ ਹਨ ਜਿਨ੍ਹਾਂ ਨੂੰ ਵੇਖ ਕੇ ਕੁਦਰਤੀ ਵਰਤਾਰੇ ਦੇ ਇਲਾਹੀ ਕਰਿਸ਼ਮਿਆਂ ਤੋਂ ਬਲਿਹਾਰੇ ਜਾਣ ਨੂੰ ਜੀਅ ਕਰਦਾ ਹੈ। ਇਹ ਮਨਮੋਹਨ ਦ੍ਰਿਸ਼, ਮਨ ਨੂੰ ਅਨੰਦਿਤ ਅਵਸਥਾ ਵਿੱਚ ਵੀ ਲੈ ਜਾਂਦੇ ਹਨ ਪਰ ਖੇੜੇ ਦੀ ਸਥਿਤੀ ਵਿਚ ਪਰਦੇਸੀ ਪਤੀ ਦੇ ਵਿਛੋੜੇ ਦੀ ਬਿਹਬਲਤਾ ਦਾ ਅਹਿਸਾਸ ਵੀ ਵਧਦਾ ਹੈ। ਪੰਜਾਬੀ ਲੋਕ-ਗੀਤਾਂ ਦੀ ਵਿਧਾ (Genre) 'ਬਾਰਹਾਮਾਹ' ਵਿਚ ਬਿਰਹਨ ਨਾਰੀ ਦੇ ਮਨੋ-ਭਾਵ ਪੇਸ਼ ਹੁੰਦੇ ਹਨ :

**ਚੜ੍ਹਿਆ ਮਹੀਨਾ ਵਸਾਖ,**
**ਅੰਬਾਂ ਪੱਕੀ ਦਾਖ, ਅੰਬ ਰਸ ਚੋ ਪਿਆ,**
**ਪੀਆ ਗਿਆ ਪ੍ਰਦੇਸ ਜੀਉੜਾ ਰੋ ਪਿਆ।**

ਬਾਣੀਕਾਰਾਂ ਨੇ ਆਪਣੀਆਂ ਰਚਨਾਵਾਂ ਵਿੱਚ ਜੀਵ ਆਤਮਾਂ ਤੇ ਪਰਮਾਤਮਾ ਦੇ ਵਿਛੋੜੇ ਅਤੇ ਮਿਲਾਪ ਦੀ ਅਵਸਥਾ ਦਾ ਵਰਨਣ ਕੀਤਾ ਹੈ।

ਆਰਥਿਕ ਪੱਖ ਤੋਂ ਵਿਸਾਖ ਦਾ ਮਹੀਨਾ ਹਰੇਕ ਲਈ ਖੁਸ਼ੀ ਦਾ ਸਮਾਂ



ਹੁੰਦਾ ਹੈ। ਇਸ ਮਹੀਨੇ ਅੰਨ ਦੀ ਪ੍ਰਮੁੱਖ ਫ਼ਸਲ ਕਣਕ ਅਤੇ ਛੋਲੇ ਪੱਕ ਕੇ ਤਿਆਰ ਹੁੰਦੇ ਹਨ। ਕਣਕ ਦੀ ਵਾਢੀ ਵੈਸਾਖੀ ਵਾਲੇ ਦਿਨ ਪਾਈ ਜਾਂਦੀ ਹੈ। ਸਪੱਸ਼ਟ ਹੈ ਇਸ ਮਹੀਨੇ ਅਤੇ ਦਿਨ ਦਾ ਸੰਬੰਧ ਕਿਰਸਾਨ ਅਤੇ ਹੋਰ ਸਭ ਦੀ ਆਰਥਿਕਤਾ ਨਾਲ ਹੈ। ਧਾਰਮਿਕ ਮਾਨਵਤਾਵਾਂ ਅਨੁਸਾਰ ਵੀ ਇਹ ਮਹੀਨਾ ਸ਼ੁਭ ਮੰਨੇ ਜਾਣ ਕਾਰਣ ਵਿਆਹ-ਸ਼ਾਦੀਆਂ ਲਈ ਇਹ ਦਿਹਾੜਾ ਬਹੁਤ ਸ਼ੁਭ ਮੰਨਿਆ ਜਾਂਦਾ ਹੈ।

ਵਿਵਹਾਰਿਕ ਪੱਖ ਤੋਂ ਮੰਗਲਮਈ ਕਾਰਜ, ਘਰ ਫਸਲ ਆਉਣ ਤੇ ਵੇਚ-ਵੱਟ ਦੀ ਪ੍ਰਕਿਰਿਆ ਨਾਲ ਹੀ ਨਿਭਾਏ ਜਾ ਸਕਦੇ। ਫਸਲ ਆਉਣ ਤੇ ਵੇਚ-ਵੱਟ ਦੀ ਪ੍ਰਕਿਰਿਆ ਨਾਲ ਹੀ ਨਿਭਾਏ ਜਾ ਸਕਦੇ ਹਨ। ਲੋਕ-ਮਨ ਦੀ ਗੀਤ ਸਿਰਜਨਾ ਤੋਂ ਇਹ ਸੱਚ ਪੁਸ਼ਟ ਹੁੰਦਾ ਹੈ। ਕੁੜੀਆਂ ਬੋਲੀ ਪਾਉਂਦੀਆਂ ਹੁੰਦੀਆਂ ਹਨ:

**ਹਰੀਆਂ ਕਪਾਹਾਂ ਫੁੱਲ ਖਿੜਦੇ ਨੇ ਰਾਤ ਨੂੰ**
**ਸਾਡੇ ਮਾਪੇ ਆਹਦੇਂ ਧੀਆਂ ਤੋਰਾਂਗੇ ਵਸਾਖ ਨੂੰ**
**ਸਾਡੇ ਮਾਪੇ ਆਹਦੇਂ...**

ਧੀਆਂ, ਬਾਬਲ ਦੀ ਜੇਬ ਬਾਰੇ ਜਾਣਦੀਆਂ ਹਨ ਜਿਸ ਵਿੱਚ ਚਾਰ-ਛਿੱਲੜ ਵਿਸਾਖੀ ਦੀ ਫ਼ਸਲ ਕਣਕ-ਛੋਲੇ ਵੇਚ ਕੇ ਹੀ ਆਉਂਦੇ ਹਨ। ਇਸ ਮਹੀਨੇ ਵਰ੍ਹੇ ਭਰ ਦੀ ਕਮਾਈ, ਮੀਂਹ-ਝੱਖੜ ਤੋਂ ਬਚ-ਬਚਾਅ, ਸਾਂਭ-ਸੰਭਾਲਕੇ ਘਰ ਪਹੁੰਚ ਜਾਵੇ, ਸੌ-ਸੌ ਸੁੱਖਣਾਂ ਸੁੱਖੀਆਂ ਜਾਂਦੀਆਂ ਹਨ। ਪੰਜਾਬੀ ਕਵੀ ਦੇ ਕਾਵਿ ਬੋਲ ਹਨ:

**ਪੱਕੀ ਖੇਤੀ ਵੇਖਕੇ ਗਰਬ ਕਰੇ ਕਿਰਸਾਨ**
**ਮੀਂਹ ਹਨੇਰੀ ਝਖੜੋਂ ਘਰ ਆਏ ਤਾਂ ਜਾਣ।**

ਵਾਢੀ ਦਾ ਆਰੰਭ ਕਰਦਿਆਂ ਕਿਸਾਨ ਫੁੱਲਿਆ ਨਹੀਂ ਸਮਾਉਂਦਾ। ਸੋਨੇ ਰੰਗੀ ਪੱਕੀ ਕਣਕ ਦੇ ਲਹਿਰਾਉਂਦੇ ਝੂਲਦੇ ਸਿੱਟੇ ਉਸਨੂੰ ਨਸ਼ਿਆਂ ਦਿੰਦੇ ਹਨ। ਖੇਤਾਂ ਵਿੱਚ ਰੌਣਕਾਂ ਬੱਝ ਜਾਂਦੀਆਂ ਹਨ। ਸਾਂਝੀ-ਮਾਂਝੀ, ਕਿਰਤੀ-ਕਾਮੇ ਬਾਗੋ-ਬਾਗ ਹੋਏ ਪਏ ਹੁੰਦੇ ਹਨ। ਮਸ਼ੀਨੀਕਰਣ ਤੋਂ ਪਹਿਲਾਂ ਕਣਕ ਦੀ ਵਾਢੀ ਵਾਲੇ ਦਿਨ ਮੰਗ ਪਾਉਣ, ਰਲ ਕੇ ਕਟਾਈ ਕਰਨ ਦਾ ਬੜਾ ਸਿਹਤਮੰਦ ਰਿਵਾਜ਼ ਸੀ। ਤੀਵੀਆਂ, ਮੁਟਿਆਰਾਂ ਵੱਡੀ ਸਾਰੀ ਟੋਲੀ ਬੰਨ੍ਹ ਕੇ ਤੇ ਨਿੱਕੇ ਵੱਡੇ ਬਾਲ ਕਣਕ ਦੇ ਡਿੱਗੇ ਸਿੱਟੇ ਚੁਣਦੇ ਜਿਸ ਨੂੰ ਛੀਉ-ਰੰਬਾ ਕਿਹਾ ਜਾਂਦਾ ਹੈ ਉਸ ਸਮੇਂ ਕੁੜੀਆਂ ਸੁਰੀਲੀ ਸੁਰ ਵਿੱਚ ਗਾਉਂਦੀਆਂ ਸਨ। ਇਥੋਂ ਹੀ ਵਿਸਾਖੀ ਦੇ ਮੇਲੇ ਜਾਣ ਦੇ ਚਾਅ ਮਚਲਣ ਲਗ ਪੈਂਦੇ ਸਨ। ਜਿਉਂ ਹੀ ਕਣਕ ਵੱਢੀ ਜਾਣ ਨਾਲ ਕੁਝ ਕਿਆਰੇ ਖਾਲੀ ਹੁੰਦੇ ਜਾਪਦੇ ਮਨਚਲੇ ਗੱਭਰੂਆਂ ਦੇ ਪੈਰ ਉੱਛਲ-ਉੱਛਲ ਪੈਣ ਲਗਦੇ। ਢੋਲ ਵਾਲਾ ਆ ਧਮਕਦਾ। ਢੋਲ ਦੀ ਧੁਨ ਦੇ ਤਾਲ ਨਾਲ ਨਾਚਾਰ ਗੱਭਰੂ ਬਾਹਵਾਂ ਉਲਾਰ ਉਲਾਰਕੇ ਬੋਲੀਆਂ ਦੇ ਨਾਲ ਖੁਸ਼ੀ ਅਤੇ ਜੋਸ਼ ਵਿੱਚ ਮਨੁੱਖੀ ਮਨਾਂ ਨੂੰ ਖੇੜੇ ਬਖਸ਼ਦੇ ਅਤੇ ਜਾਬਰਾਂ ਤੇ ਸ਼ਾਹੂਕਾਰਾਂ ਨੂੰ ਲਲਕਾਰਦੇ।

ਇਹ ਵਿਸ਼ਵਾਸ ਪਰਪੱਕ ਹੁੰਦਾ ਹੈ ਕਿ ਭੰਗੜਾ ਲੋਕ-ਨਾਚ ਦਾ ਆਰੰਭ ਕਣਕ ਦੀ ਪੱਕੀ ਫ਼ਸਲ ਦੀ ਖੁਸ਼ੀ ਵਿੱਚ ਵੀ ਹੋਇਆ ਹੋਵੇਗਾ ਅਤੇ ਬਾਰ (ਪਾਕਿਸਤਾਨ) ਦੇ ਖੁਲ੍ਹੇ ਮੈਦਾਨ, ਇਸ ਨਾਚ ਦੀ ਜਨਮ-ਧਰਤੀ ਹੋਵੇਗੀ। ਭੰਗੜੇ ਦੀ ਗੱਲ ਕਰਦਿਆਂ ਸਿਆਲਕੋਟੀਏ ਭੰਗੜੇ ਦਾ ਨਾਂ ਪ੍ਰਮੁੱਖ ਹੁੰਦਾ ਹੈ। ਫਸਲ ਦੀ ਕਟਾਈ-ਗਾਹੀ ਤੋਂ ਵਿਹਲੇ ਹੋ ਕੇ ਪਿੰਡਾਂ ਤੋਂ ਗਭਰੂ, ਮੁਟਿਆਰਾਂ, ਸਵਾਣੀਆਂ, ਨਿੱਕੇ ਬਾਲ ਨੇੜੇ ਕਸਬਿਆਂ ਵਿੱਚ ਵਿਸਾਖੀ ਮੇਲੇ ਦੀਆਂ ਰੌਣਕਾਂ ਵੇਖਣ ਤੇ ਅਨੰਦ ਮਾਣਨ ਪੁੱਜ ਜਾਂਦੇ ਹਨ ਜਿਥੇ ਖਾਣ-ਪੀਣ ਦੀਆਂ ਦੁਕਾਨਾਂ ਤੋਂ ਛੁੱਟ ਪਹਿਨਣ ਤੇ ਸ਼ਿੰਗਾਰ ਦੀਆਂ ਵੱਖ-ਵੱਖ ਹੱਟੀਆਂ ਲੱਗੀਆਂ ਹੁੰਦੀਆਂ ਹਨ। ਤਮਾਸ਼ੇ, ਬਾਜ਼ੀਗਰਾਂ ਦੀਆਂ ਬਾਜ਼ੀਆਂ, ਸਪੇਰਿਆਂ ਤੇ ਮਦਾਰੀਆਂ ਦੇ ਅਲੌਕਿਕ ਰੰਗ ਵੇਖਣ ਨੂੰ ਮਿਲਦੇ ਹਨ। ਮੇਲਾ ਸ਼ਬਦ ਮੇਲ, ਮਿਲਣੀ, ਮਿਲਾਪ ਅਤੇ ਮੇਲੀਆਂ ਦੇ ਸਮੂਹ ਦੇ ਅਰਥਾਂ ਵਿੱਚ ਮੰਨਿਆ ਗਿਆ ਹੈ। ਮੇਲੇ ਦਾ ਚਾਅ ਅਨੋਖਾ ਹੁੰਦਾ ਹੈ। ਗਭਰੂਆਂ ਮੁਟਿਆਰਾਂ ਦੇ ਚਾਅ ਮਚਲਦੇ ਹਨ। ਨਿੱਕੇ ਬਾਲਾਂ ਦੀ ਖੁਸ਼ੀ ਉੱਡ ਉੱਡ ਪੈਂਦੀ ਹੈ। ਨਵੇਂ ਵਿਆਹ ਜੋੜੇ ਇਹ ਮੌਕਾ ਭਾਲਦੇ ਹਨ:

**ਸੱਸ ਮਰ ਗਈ ਨਨਾਣ ਸੌਹਰੇ ਤੁਰ ਗਈ**
**ਆਪਾਂ ਦੋਵੇਂ ਮੇਲੇ ਚੱਲੀਏ।**

....

**ਗੱਡੇ ਆਏ ਵਾਹੁਣ ਦੇ, ਗਡੀਰੇ ਆਏ ਵਾਹੁਣ ਦੇ**
**ਹਾਏ ਸੀ ਸਸੁ ਹੋਣੀਏਂ ਜੋੜੀ ਨੂੰ ਮੇਲੇ ਜਾਣ ਦੇ**

...

**ਮੇਲੇ ਗਿਆ ਤੇ ਲਿਆ ਦੇਈਂ ਬਾਂਕਾਂ**
**ਲੈ ਜਾ ਮੇਰਾ ਗੁੱਟ ਮਿਣਕੇ**

ਵਿਸਾਖ ਵਿੱਚ ਕਿਰਸਾਨ ਦੀ ਉਮਡਦੀ ਖੁਸ਼ੀ ਅਤੇ ਵਿਸਾਖੀ ਵੇਖਣ ਦੇ ਚਾਅ ਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਨੇ ਇਜ ਚਿਤਰਿਆ ਹੈ:

**ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ।**
**ਲੰਬੜਾਂ ਤੇ ਸ਼ਾਹਾਂ ਦੇ ਹਿਸਾਬ ਕੱਟ ਕੇ।**
**ਮੋਢੇ ਉੱਤੇ ਸੰਮਾਂ ਵਾਲੀ ਡਾਂਗ ਰੱਖਕੇ।**
**ਕੱਛੇ ਮਾਰ ਵੰਝਲੀ ਅਨੰਦ ਛਾ ਗਿਆ।**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।**

ਵਿਸਾਖ ਦਾ ਮਹੀਨਾ ਚੜ੍ਹਦਿਆਂ ਹੀ ਮੇਲੇ ਦੀਆਂ ਉਡੀਕਾਂ ਲੱਗ ਜਾਂਦੀਆਂ ਹਨ।

**ਆਇਆ ਵੈਸਾਖ ਵਿਸਾਖੀ ਆਈ।**

ਸਪੱਸ਼ਟ ਹੈ ਵਿਸਾਖੀ ਦਾ ਪੁਰਬ (Festival) ਜਦੋਂ ਖੁਸ਼ੀਆਂ ਨਾਲ ਵੱਡੇ ਵੱਡੇ ਇਕੱਠਾਂ ਵਿੱਚ ਮਨਾਇਆ ਜਾਂਦਾ ਹੈ ਉਦੋਂ ਇਸ ਵਿੱਚ ਲੌਕਿਕ ਰੰਗ ਹੁੰਦਾ ਹੈ। ਮਨ ਦੀਆਂ ਖੁਸ਼ੀਆਂ ਦਾ ਪ੍ਰਗਟਾਵਾ ਅਤੇ ਮਨੋਰੰਜਨ ਹੁੰਦਾ ਹੈ। ਇਹ ਲੋਕਾਂ ਦਾ ਮੇਲਾ (Fair) ਹੁੰਦਾ ਹੈ।

ਇਸ ਦਿਹਾੜੇ ਦੀ ਵਿਸ਼ੇਸ਼ਤਾ ਹੈ ਕਿ ਵਿਸਾਖੀ ਦੇ ਪੁਰਬ ਅਤੇ ਮੇਲੇ ਨਾਲ ਲੋਕ ਨੇੜਤਾ ਦੀ ਪਰੰਪਰਾ ਵਿੱਚ ਗੁਰੂਆਂ ਦੀ ਦੇਣ ਨਾਲ ਇਸ ਤਿਉਹਾਰ ਦੀ ਜੋ ਨਿਰਾਲੀ ਸ਼ਾਨ ਮਾਨਮੱਤੀ ਹੋ ਕੇ ਉਭਰੀ ਉਹ ਆਪਣੇ ਆਪ ਵਿੱਚ ਬੇਮਿਸਾਲ ਕਾਰਜ ਹੈ। ਇਸ ਮੇਲੇ ਨੂੰ ਸਾਂਝੀਵਾਲਤਾ ਦਾ ਪ੍ਰਤੀਕ ਬਣਾ ਕੇ ਇਕ ਨਿਸ਼ਚਿਤ ਰੂਪ ਵਿੱਚ ਨਰੋਏ ਸਮਾਜ ਦੀ ਉਸਾਰੀ ਦਾ ਸੰਦੇਸ਼ ਦੇ ਕੇ ਗੁਰੂ ਸਾਹਿਬਾਨ ਨੇ ਇਕ ਮਹਾਨ ਕਾਰਜ ਨਿਭਾਇਆ। ਆਮ ਲੋਕਾਂ ਨੂੰ ਮੋਖ (ਮੁਕਤੀ) ਲਈ ਵੈਸਾਖੀ ਦੇ ਪੁਰਬ ਨੂੰ ਕਰਮ-ਕਾਂਡਾਂ ਤੋਂ ਮੁਕਤ ਕਰਕੇ ਮਨੁੱਖੀ ਸਾਂਝ ਦੇ ਨਰੋਏ ਅਰਥ ਦੇਣ ਦੇ ਕੰਮ ਦਾ ਆਰੰਭ ਗੁਰੂ ਕਾਲ ਵਿੱਚ ਤੀਸਰੇ ਗੁਰੂ ਅਮਰਦਾਸ ਜੀ ਦੇ ਯਤਨਾਂ ਦੁਆਰਾ ਹੀ ਹੋ ਗਿਆ ਸੀ। ਜਿਸ ਅਨੁਸਾਰ ਵਿਸਾਖੀ ਦੇ ਪੁਰਬ ਉੱਤੇ ਸਮੂਹ ਸੰਗਤ ਨੇ ਪੰਜਾਬ ਦੇ ਮਹਾਨ ਸਥਾਨ ਗੋਇੰਦਵਾਲ ਵਿਖੇ ਇਕੱਤਰ ਹੋ ਕੇ ਇਸ ਦਿਨ ਨੂੰ ਗੁਰੂ ਗੁਰਮੁਖ ਅਤੇ ਨਾਮ ਦੇ ਜੱਸ ਸਰਵਣ ਕਰਨ ਨਾਲ ਮਨਾਉਣਾ ਆਰੰਭ ਕਰ ਦਿੱਤਾ ਸੀ।

ਇਥੇ ਹੀ ਪਾਣੀ ਦੇ ਸਾਂਝੇ ਸ੍ਰੋਤ ਬਾਉਲੀ ਸਾਹਿਬ ਦਾ ਸੰਗਤ ਦੇ ਮਨ ਵਿੱਚ ਸਤਿਕਾਰ ਪੈਦਾ ਹੋ ਗਿਆ ਸੀ।

ਗੁਰੂ ਗੋਬਿੰਦ ਸਿੰਘ ਦੁਆਰਾ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਦਿਹਾੜੇ ਉੱਤੇ ਖ਼ਾਲਸਾ ਸਾਜਣ ਦੀ ਇਤਿਹਾਸਕ ਘਟਨਾ, ਇਸ ਕੜੀ ਦਾ ਸਿਖਰ ਸੀ। ਵਿਸਾਖੀ ਦੀ ਪ੍ਰਸਿੱਧੀ ਕੇਵਲ ਰਵਾਇਤੀ ਰੌਣਕੀ ਮੇਲੇ ਇਕੱਠ ਅਥਵਾ ਮੇਲੇ ਦੇ ਕਰਮ-ਕਾਂਡੀ ਪੁਰਬ ਤੱਕ ਹੀ ਸੀਮਿਤ ਨਾ ਹੋ ਕੇ ਬਹੁ-ਪੱਖੀ ਮਹੱਤਵ ਗ੍ਰਹਿਣ ਕਰ ਗਈ ਸੀ।

ਇਸ ਦਿਨ ਉੱਤੇ 'ਪੰਜ ਪਿਆਰਿਆਂ ਦੀ ਸਥਾਪਨਾ' ਜੋ ਇਕ ਭਾਰੀ ਇਕੱਠ ਵਿੱਚ ਗੁਰੂ ਗੋਬਿੰਦ ਸਿੰਘ ਨੇ ਇਕ ਨਾਟਕੀ ਵਿਧੀ ਰਾਹੀਂ ਕੀਤੀ, ਸੰਸਾਰ ਦੀ ਇਕ ਵਿਲੱਖਣ ਅਤੇ ਪ੍ਰਸਿੱਧ ਘਟਨਾ ਬਣਕੇ ਉਭਰੀ। ਇਹ ਸ਼ੁਭ ਦਿਹਾੜਾ ਅਨੰਦਪੁਰ ਸਾਹਿਬ ਵਿਖੇ ਪਹਾੜੀ ਰਾਜਿਆਂ ਦੀ ਬਦਨੀਤੀ ਅਤੇ ਮੁਗਲਈ ਹਾਕਮਾਂ ਦੇ ਜ਼ੁਲਮ-ਜ਼ਬਰ, ਅਨਿਆਇ ਅਤੇ ਸੋਸ਼ਣ ਦੇ ਖ਼ਾਤਮੇ ਲਈ ਜਨਤਕ ਸੰਘਰਸ਼ ਲਾਮਬੰਦ ਕਰਨ ਦੇ ਐਲਾਨ ਨਾਲ ਸਬੰਧਿਤ ਸੀ। ਇਹ ਦਿਨ ਜਾਤੀ ਭੇਦ-ਭਾਵ ਤੇ ਉਚ-ਨੀਚ ਦੇ ਵਿਤਕਰੇ ਨੂੰ ਮੇਟਣ, ਮਨੁੱਖੀ ਬਰਾਬਰੀ ਤੇ ਸਾਂਝੀਵਾਲਤਾ ਦੇ ਸਥਾਪਨਾ ਦਾ ਸੰਕਲਪ ਲੈਣ ਦਾ ਦਿਨ ਸੀ। ਅਨੰਦਪੁਰ ਸਾਹਿਬ ਦੀ 1699ਈ. ਦੀ ਵਿਸਾਖੀ ਦਾ ਮਹਾਨ ਇਤਿਹਾਸਕ ਦਿਨ, ਸਮੁੱਚੇ ਭਾਰਤ ਅਤੇ ਪੰਜਾਬੀਆਂ ਦੇ ਸੂਰਬੀਰ ਨਾਇਕ ਗੁਰੂ ਗੋਬਿੰਦ ਸਿੰਘ ਜੀ ਦੀ ਕਾਰਜ-ਸ਼ੈਲੀ ਦਾ ਇਕ ਅਦੁੱਤੀ ਨਮੂਨਾ ਸੀ। ਜ਼ਾਲਮ ਹਕੂਮਤ ਦੀਆਂ ਵਧੀਕੀਆਂ ਦੇ ਵਿਰੁੱਧ ਜਨਤਾ ਦੇ ਮਨਾਂ ਵਿੱਚ ਰੋਸ ਅਤੇ ਪ੍ਰਤਿਕਰਮ ਨੂੰ ਪੇਸ਼ ਕਰਕੇ ਲੋਕਾਈ ਦੀ ਹੋਂਦ ਨੂੰ ਬਰਕਰਾਰ ਰੱਖਣ ਦਾ ਸੰਕਲਪ ਸੀ। ਇਸ ਸੰਕਲਪ ਨੇ ਦੇਸ਼ ਵਾਸੀਆਂ ਨੂੰ ਜੋ ਸਦੀਆਂ ਤੋਂ ਨਿਤਾਣੇ ਨਿਮਾਣੇ ਅਤੇ ਉਤਸ਼ਾਹ ਹੀਣ ਹੋਏ ਬੈਠੇ ਸਨ ਗੁਲਾਮੀ ਦੇ ਵਿਰੁੱਧ ਜਿਸ ਵਿੱਚ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਭਿਆਚਾਰਕ ਆਜ਼ਾਦੀ ਦੀ ਮਨਾਹੀ ਸੀ, ਵਿਰੁੱਧ ਬਹਾਦਰੀ ਨਾਲ ਲੜਨ ਦੀ ਰੂਹ ਫੂਕੀ।

ਇਹ ਦਿਨ ਇਕ ਨਵੀਂ ਸੋਚ, ਨਵੇਂ ਯੁੱਗ ਅਤੇ ਨਵੇਂ ਪੈਗਾਮ ਦੇ ਜਨਮ, ਆਰੰਭ ਅਤੇ ਪ੍ਰਸਾਰ ਕਰਨ ਦਾ ਦਿਨ ਸੀ। 1699ਈ. ਦੀ ਅਨੰਦਪੁਰ ਸਾਹਿਬ ਦੀ ਵਿਸਾਖੀ ਦੇ ਦਿਹਾੜੇ ਉੱਤੇ ਗੁਰੂ ਨਾਇਕ ਦੀ ਜ਼ੁਲਮ ਜਬਰ ਅਤੇ ਜਾਤੀ-ਵਿਤਕਰੇ ਵਾਲੇ ਸਮਾਜ ਦਾ ਅੰਤ ਕਰਨ ਦੀ ਜੋ ਵਿਉਂਤ ਸੀ ਉਸ ਨੂੰ ਅਮਲੀ ਰੂਪ ਦੇ ਦਿੱਤਾ। ਵੱਖ-ਵੱਖ ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਖ਼ਾਲਸਾ ਸਿਰਜਨਾ ਦੀ ਮਹਾਨ ਘਟਨਾ ਨੂੰ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ।

ਖੁੱਲ੍ਹੇ ਪੰਡਾਲ ਵਿੱਚ ਹੋਏ ਇਕੱਠ ਨੂੰ ਸੀਸ ਭੇਟ ਕਰਨ ਦੇ ਚਾਅ ਨਾਲ ਆਪਣੀ ਸੀਸ ਮੰਗਣ ਦੀ ਮੰਗ ਨੂੰ ਜੋੜ ਕੇ ਕਪਟੀਆਂ ਦਾ ਪਾਜ ਖੋਲ੍ਹ ਦਿੱਤਾ ਸੀ ਜੋ ਕੇਵਲ ਦਿਖਾਵਾ ਕਰਨਾ ਜਾਣਦੇ ਸਨ। ਤੰਬੂ ਦੇ ਬਾਹਰ ਅਤੇ ਅੰਦਰ ਦੀ ਘਟਨਾ ਪਿਛੋਂ ਜਦ ਪੰਜ ਸਿੱਖ, ਸੰਤ ਸਿਪਾਹੀ ਦੇ ਰੂਪ ਵਿੱਚ ਸੰਗਤ ਦੇ ਰੂਬਰੂ ਪੇਸ਼ ਹੋਏ ਤਾਂ ਇਹ ਘਟਨਾ ਵਿਖਾਵੇ ਦਾ ਜੀਵਨ ਜੀਉਣ ਵਾਲੇ ਲੋਕਾਂ ਲਈ ਇਕ ਵੰਗਾਰ ਸੀ ਜਿਨ੍ਹਾਂ ਨੂੰ ਹੁਣ ਸੱਚ ਅਤੇ ਝੂਠ ਦੇ ਰਾਹ ਵਿਚੋਂ ਇਕ ਦੀ ਚੋਣ ਕਰਨੀ ਪੈਣੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਅਨਿਆਇ ਅਤੇ ਨਾ ਬਰਾਬਰੀ ਵਿਰੁੱਧ ਲੜਨ ਲਈ ਤਿਆਰ ਇਹ ਪੰਜ ਸਿੱਖਾਂ ਦੀ ਬਹਾਦਰ ਫੌਜ ਪਿੱਛੋਂ ਵੱਧਦੀ ਗਈ। ਇਹ ਨਵੀਂ ਅਤੇ ਮਹਾਨ ਸਿਰਜਣਾ ਸੀ। ਇਨ੍ਹਾਂ ਨੂੰ ਸਿੰਘ (ਸ਼ੇਰ ਦਾ ਲਕਬ ਬਖ਼ਸ਼ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਨ੍ਹਾਂ ਦੇ ਹੱਥੋਂ ਅੰਮ੍ਰਿਤ ਛੱਕ ਕੇ ਵੱਡੇ-ਛੋਟੇ ਉੱਚੇ-ਨੀਵੇਂ ਦੇ ਵਿਤਕਰੇ ਨੂੰ ਅਮਲ ਵਿੱਚ ਖਤਮ ਕਰ ਦਿੱਤਾ। ਭਾਰਤੀ ਦਾਰਸ਼ਨਿਕ ਪ੍ਰੰਪਰਾ ਵਿੱਚ ਗੁਰੂ ਚੇਲੇ ਦਾ ਅੰਤਰ ਲੰਮੇ ਸਮੇਂ ਤੋਂ ਚਲਿਆ ਆ ਰਿਹਾ ਸੀ। ਗੁਰੂ ਜੀ ਨੇ ਨਵੀਂ ਪਿਰਤ ਦਾ ਅਗਾਜ਼ ਕੀਤਾ। ਇਸ ਨਵੀਂ ਪਿਰਤ ਬਾਰੇ ਜ਼ਿਕਰ ਹੈ:

**ਪ੍ਰਗਟਿਆ ਮਰਦ ਅਗੰਮੜਾ ਵਰਿਆਮ ਇਕੇਲਾ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥**

ਗੁਰੂ ਨੇ ਵੱਖ ਵੱਖ ਜਾਤਾਂ ਨਾਲ ਸੰਬੰਧਤ ਪੰਜ ਸਿੱਖਾਂ ਵਿੱਚ ਅਤੇ ਲੋਕਾਈ ਵਿੱਚ ਇਸ ਚਮਤਕਾਰੀ ਘਟਨਾ ਨਾਲ ਮਨੁੱਖੀ ਬਰਾਬਰੀ ਦਾ ਅਹਿਸਾਸ ਜਗਾ ਦਿੱਤਾ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਮੋਹਕਮ ਸਿੰਘ ਨੂੰ ਗਲ ਨਾਲ ਲਾਇਆ, ਦਿਲੀ ਪਿਆਰਿਆਂ ਦਾ ਰੁਤਬਾ ਦਿੱਤਾ ਅਤੇ ਆਪਣੀ ਅਤੇ ਖ਼ਾਲਸੇ ਦੀ ਅਭੇਦਤਾ ਨੂੰ ਪ੍ਰਗਟਾਉਂਦਿਆਂ ਕਿਹਾ:

**ਖ਼ਾਲਸਾ ਮੇਰੋ ਰੂਪ ਹੈ ਖਾਸ॥**
**ਖਾਲਸੇ ਮਹਿ ਹਉਂ ਕਰੌਂ ਨਿਵਾਸ॥**

ਅਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਸਾਹਿਬ ਦਾ ਸਥਾਨ ਖ਼ਾਲਸੇ ਦੀ ਸਿਰਜਨਾ ਦੀ ਘਟਨਾ ਤੋਂ ਪਿੱਛੋਂ ਸਿੱਖਾਂ ਅਤੇ ਸਰਬੱਤ ਦਾ ਪਵਿੱਤਰ ਸਥਾਨ ਸਥਾਪਿਤ ਹੋ ਗਿਆ।

ਗੁਰੂ ਸਾਹਿਬ ਸੂਰਬੀਰ ਯੋਧਾ, ਸਮਾਜ ਸੁਧਾਰਕ, ਸਮਾਜ ਉਸਰਈਆ, ਮਹਾਨ ਕਵੀ, ਕੁਸ਼ਲ ਸੈਨਾਪਤੀ ਅਤੇ ਸਫਲ ਪ੍ਰਬੰਧਕ ਸਨ।

ਵਿਸਾਖੀ ਦਾ ਪੁਰਬ ਦਮਦਮਾ ਸਾਹਿਬ, ਤਲਵੰਡੀ ਸਾਬੋ ਅਤੇ ਸਥਾਨਕ ਸਥਾਨਾਂ ਉੱਤੇ ਵੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਪਰ ਅਨੰਦਪੁਰ ਸਾਹਿਬ ਦੀ ਵਿਸਾਖੀ ਦਾ ਅਨੋਖਾ ਜਲਾਲ ਹੈ। ਦੀਵਾਨ ਸੱਜਦੇ ਹਨ। ਕਵੀਸ਼ਰੀ ਗਾਈ ਜਾਂਦੀ ਹੈ। ਸੰਗਤਾਂ ਹੁੰਮ-ਹੁੰਮਾਅ ਕੇ ਪੁਜਦੀਆਂ ਹਨ।

ਭਾਰਤ ਅਤੇ ਪੰਜਾਬ ਦੀ ਵਿਸਾਖੀ ਦਾ ਗੌਰਵ 1919 ਵਿੱਚ ਹੋਈ ਜਲ੍ਹਿਆਂ ਵਾਲੇ ਬਾਗ਼ ਦੀ ਖ਼ੂਨੀ ਘਟਨਾ ਨਾਲ ਹੋਰ ਵੀ ਵਧਿਆ ਜਦੋਂ ਦੇਸ਼ ਦੀ ਸੁਤੰਤਰਤਾ ਲਈ ਵਿਚਾਰਨ ਦੇ ਸਾਰਥਕ ਯਤਨ ਨੂੰ ਪਛਾਣਨ ਲਈ ਇਸ ਦਿਨ ਉੱਤੇ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਹਜ਼ਾਰਾਂ ਦੇਸ਼ ਭਗਤੀ ਦੇ ਜਜ਼ਬ ਨਾਲ ਭਰਪੂਰ ਯਾਤਰੂ ਅਤੇ ਸ਼ਹਿਰ ਦੇ ਚੇਤੰਨ ਲੋਕ ਜਲ੍ਹਿਆਂ ਵਾਲੇ ਬਾਗ਼ ਵਿੱਚ ਇਕ ਜਲਸੇ ਦੇ ਰੂਪ ਵਿੱਚ ਇਕਤਰ ਹੋਏ। ਇਨ੍ਹਾਂ ਦਾ ਦੋਸ਼ ਇਹ ਸੀ ਕਿ ਉਹ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਤੋਂ ਤੰਗ ਆ ਚੁੱਕੇ ਸਨ ਤੇ ਹੁਣ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਦਾ ਪ੍ਰਣਲੈ ਰਹੇ ਸਨ। ਪੰਜਾਬੀਆਂ ਨੂੰ ਬਲੀਦਾਨ ਦੇਣ ਦਾ ਵਿਰਸਾ, ਗੁਰੂਆਂ ਦੀ ਕੁਰਬਾਨੀ, ਲੋਕ ਸੇਵਾ ਅਤੇ ਅਨਿਆਇ ਵਿਰੁੱਧ ਵੱਖ-ਵੱਖ ਸਮਿਆਂ ਉੱਤੇ ਦਿੱਤੀਆਂ ਸ਼ਹਾਦਤਾਂ ਦੀਆਂ ਘਟਨਾਵਾਂ ਅਤੇ ਸੰਤ ਸਿਪਾਹੀ ਤਿਆਰ ਕਰਨ ਦੇ ਅਮਲ ਨਾਲ ਮਿਲ ਚੁੱਕਾ ਸੀ। ਸਾਂਝੀਵਾਲਤਾ ਦੇ ਪਿਆਰੇ ਸਿੱਖਾਂ ਦੇ ਨਾਲ ਅਜ਼ਾਦੀ ਦੀ ਤਹਿਰੀਕ ਵਿੱਚ ਸ਼ਾਮਲ ਹਜ਼ਾਰਾਂ ਦੇਸ਼ ਭਗਤਾਂ ਦੀਆਂ ਟੋਲੀਆਂ ਅਤੇ ਉਨ੍ਹਾਂ ਦੇ ਪ੍ਰਤਿਨਿਧ ਮੁਸਲਮਾਨ, ਹਿੰਦੂ ਅਤੇ ਇਸਾਈ ਜਮਾਤ ਵਿਚੋਂ ਵੱਡੀ ਪੱਧਰ ਉੱਤੇ ਸ਼ਾਮਲ ਹੋ ਚੁੱਕੇ ਸਨ। ਸਪੱਸ਼ਟ ਸੀ ਇਹ ਲਾਵਾ ਫੁੱਟਣਾ ਹੈ। ਲੋਕਾਂ ਨੇ ਅੰਗਰੇਜ਼ੀ ਹਕੂਮਤ ਦੇ ਕਾਲੇ ਕਨੂੰਨਾਂ ਦਾ ਵਿਰੋਧ ਅਤੇ ਮਨੁੱਖ ਦੀ ਅਜ਼ਾਦੀ ਪ੍ਰਾਪਤੀ ਲਈ ਮਰ ਮਿਟਣ ਦਾ ਸੰਕਲਪ ਲੈਣ ਲਈ ਵਿਸਾਖੀ ਦੇ ਇਤਿਹਾਸਕ ਦਿਨ ਦੀ ਚੋਣ ਕਰਨੀ ਸ਼ੁਭ ਮੰਨ ਕੇ ਕੰਮ ਆਰੰਭ ਕਰ ਦਿੱਤਾ। ਅਜ਼ਾਦੀ ਦੇ ਪਰਵਾਨੇ ਬੇਖ਼ੌਫ਼ ਸਨ।

ਉਸ ਦਿਨ ਮੌਕੇ ਉੱਤੇ ਅੰਗਰੇਜ਼ ਹਕੂਮਤ ਦੁਆਰਾ ਹਜ਼ਾਰਾਂ ਲੋਕਾਂ ਨੂੰ ਗੋਲੀਆਂ ਨਾਲ ਭੁੰਨਣ ਦੀ ਘਟਨਾ ਨਾਲ ਅੰਗਰੇਜ਼ੀ ਹਕੂਮਤ ਨੇ ਆਪਣਾ ਕਫ਼ਨ ਤਿਆਰ ਕਰ ਲਿਆ ਤੇ ਦੇਸ਼ ਵਾਸੀਆਂ ਨੂੰ ਆਜ਼ਾਦੀ ਪ੍ਰਾਪਤ ਕਰਨ ਤੱਕ ਲੜਦੇ ਰਹਿਣ ਤੇ ਸ਼ਹੀਦੀਆਂ ਪ੍ਰਾਪਤ ਕਰਨ ਦੇ ਮਾਰਗ 'ਤੇ ਤੋਰ ਦਿੱਤਾ। ਇਸ ਸਾਕੇ ਦੀ ਵਿਥਿਆ ਲੂ-ਕੰਡੇ ਖੜੇ ਕਰਨ ਵਾਲੀ ਹੈ ਪਰ ਭਾਰਤੀ ਝੁਕੇ ਨਾ, ਸਗੋਂ ਦੂਣ ਸਵਾਏ ਹੋਏ। ਇਸ ਦੁਖਦਾਈ ਇਤਿਹਾਸਕ ਘਟਨਾ ਬਾਰੇ ਇਕ ਕਵੀ ਦੇ ਲਿਖੇ ਗੀਤ ਦੀਆਂ ਯਾਦ ਕੁੱਝ ਸਤਰਾਂ ਦਾ ਉਲੇਖ ਪ੍ਰਸੰਗਿਕ ਹੋਵੇਗਾ:

**ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਸੁਣ ਸੁਣ**
**ਦਿਲ ਘਬਰਾਏ ਨੀ-ਈਂ...ਈ**
**ਉੱਡ ਗਏ ਗੋਲੀਆਂ ਨਾਲ ਬੇਦੋਸ਼ੇ**
**ਕਈ ਮਾਵਾਂ ਦੇ ਜਾਏ ਨੀ-ਈਂ-ਈ**
**ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ...**
**ਰਿੰਨ੍ਹ ਕੇ ਖੀਰ ਉਡੀਕੇ ਪੁੱਤ ਨੂੰ**
**ਤਾਣਾ ਤਣ ਕੇ ਚਾਵਾਂ ਦਾ... ਆ... ਆ...**
**ਜਿਨ੍ਹਾਂ ਦੇ ਘੱਲੇ ਪੁੱਤ ਮਰ ਗਏ**
**ਕੀ ਜੀਣਾ ਉਨ੍ਹਾਂ ਮਾਵਾਂ ਦਾ... ਆ...**
**ਸਹਿਕਦੀਆਂ ਰਹਿ ਗਈਆਂ ਸੱਧਰਾਂ**
**ਪੁੱਤਰ ਨਾ ਮੁੜਕੇ**
**ਕੇ ਆਏ ਨੀ**
**ਜਲ੍ਹਿਆਂ ਵਾਲੇ ਬਾਗ ਦਾ ਸਾਕਾ...**
**ਜਿਨ੍ਹਾਂ ਦੇ ਵੀਰੇ ਗਏ ਵਿਸਾਖੀ**
**ਰਾਹ ਵੇਖਣ ਉਹ ਭੈਣਾਂ ਨੀ...ਈਂ... ਈਂ**
**ਮੌਤ ਦੀਆਂ ਆ ਗਈਆਂ ਖ਼ਬਰਾਂ**
**ਮੁਸ਼ਕਿਲ ਹੋ ਗਿਆ ਸਹਿਣਾ ਨੀ...ਈਂ... ਈਂ**
**ਹੱਥੀਂ ਗਾਨੇ ਬੰਨ ਕੇ ਤੋਰੇ ਵੀਰ**
**ਨਾ ਮੁੜਕੇ ਆਏ ਨੀ...ਈਂ... ਈਂ**
**ਜਲ੍ਹਿਆਂ ਵਾਲੇ ਬਾਗ ਦਾ ਸਾਕਾ...**
**ਬੂਹੇ ਅੱਗੇ ਰਾਣੀ ਬੈਠੀ**
**ਆਉਣਾਂ ਸਿਰ ਦੇ ਸਾਈਂ ਨੀ...ਈਂ... ਈਂ**
**ਮਾਰ ਦੁਹੱਥੜਾ ਭੰਨਿਆ ਚੂੜਾ**
**ਰੋ ਰੋ ਮਾਰੀਆਂ ਧਾਈ ਨੀ...ਈਂ... ਈਂ**
**ਮੌਤ ਦੀਆਂ ਆ ਗਈਆਂ ਖ਼ਬਰਾਂ**
**ਔਖਾ ਹੋ ਗਿਆ ਸਹਿਣਾ ਨੀ...ਈਂ... ਈਂ**
**ਜਲ੍ਹਿਆਂ ਵਾਲੇ ਬਾਗ ਦਾ ਸਾਕਾ...**

ਉਪ੍ਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਵਿਸਾਖੀ ਦਾ ਪੁਰਬ ਮੇਲਾ ਸਮੂਹ ਲੋਕਾਂ ਦਾ ਸਾਂਝਾ ਸਮਾਜਕ, ਧਾਰਮਿਕ, ਇਤਿਹਾਸਕ ਅਤੇ ਸੱਭਿਆਚਾਰਕ ਤਿਉਹਾਰ ਹੈ। ਖ਼ਾਲਸੇ ਦੀ ਸਾਜਨਾ ਅਤੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਨੇ ਇਸ ਦੀ ਅਹਿਮੀਅਤ ਨੂੰ ਕਈ ਗੁਣਾਂ ਵਧਾਇਆ ਅਤੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਪ੍ਰਸਾਰ ਕੇ ਇਸ ਮਾਰਗ ਤੇ ਅਮਲ ਕਰਕੇ ਭਵਿੱਖ ਵਿੱਚ ਆਉਣ ਵਾਲੀਆਂ ਕੌਮਾਂ ਦਾ ਮਾਰਗ ਦਰਸ਼ਨ ਕੀਤਾ। ਵਿਸਾਖੀ ਸਾਰਿਆਂ ਨੂੰ ਬਹੁ-ਪੱਖੀ ਪ੍ਰੇਰਨਾ ਦਿੰਦੀ ਹੈ। ਇਹ ਦਿਨ ਵੱਖ-ਵੱਖ ਸੰਸਥਾਵਾਂ ਅਤੇ ਲੋਕਾਂ ਵੱਲੋਂ ਬੜੀ ਸੱਜ-ਧੱਜ ਅਤੇ ਵਿਉਂਤਬੰਦ ਢੰਗ ਨਾਲ ਮਨਾਇਆ ਜਾਂਦਾ ਹੈ। ਇਹ ਗੱਲ ਉੱਚਿਤ ਹੈ ਕਿ ਮੌਜੂਦਾ ਸਮੇਂ ਦੇ ਵਿਸਾਖੀ ਮੇਲੇ ਪਹਿਲਾਂ ਵਰਗੇ ਰੰਗੀਨ ਨਹੀਂ ਰਹੇ ਜਿਥੇ ਖੱਟੀਆਂ, ਸੰਧੂਰੀਆਂ, ਲਾਲ-ਉਨਾਬੀ, ਸੂਹੀਆਂ ਹਰੀਆਂ ਤੇ ਪੰਜਾਬੀ ਰੰਗ ਬਰੰਗੀਆਂ ਪੁਸ਼ਾਕਾਂ ਤੇ ਚਿਣ ਚਿਣ ਪਾਈਆਂ ਚੋਣਾਂ ਵਾਲੀਆਂ ਰੰਗ ਬਰੰਗੀਆਂ ਚੁੰਨੀਆਂ, ਕੰਨਾਂ ਵਿੱਚ ਲਿਸ਼ਕਦੇ ਵਾਲਿਆਂ ਅਤੇ ਸੋਹਣੇ ਪਰਾਂਦਿਆਂ ਦੇ ਦ੍ਰਿਸ਼ ਨਹੀਂ ਰਹੇ ਪਰ ਇਸ ਦਿਨ ਸਟੇਜਾਂ ਉੱਤੇ ਪੈਂਦੇ ਭੰਗੜੇ, ਗਿੱਧੇ, ਵਿਸਾਖੀ ਦੀ ਵਿਰਾਸਤ ਨੂੰ ਅਗਾਂਹ ਤੋਰ ਰਹੇ ਹਨ ਤੇ ਸਾਂਝੇ ਮੇਲੇ ਤੇ ਭਾਈਚਾਰਕ ਸਾਂਝ ਨੂੰ ਟੁੱਟਣ ਨਹੀਂ ਦੇ ਰਹੇ ਉਥੇ ਸਾਂਝੀਵਾਲਤਾ ਅਤੇ ਅਨਿਆਇ ਵਿਰੁੱਧ ਸ਼ਹੀਦੀਆਂ ਦਾ ਇਤਿਹਾਸਕ ਸੱਚ ਮੁੜ ਚਰਚਾ ਵਿੱਚ ਪ੍ਰਵਾਹਤ ਹੁੰਦਾ ਹੈ।




**ਫਾਊਂਡੇਸ਼ਨ ਦੇ ਜਿਹੜੇ ਮੈਂਬਰਾਂ ਪਾਸ ਮੈਂਬਰਸ਼ਿਪ ਕਾਰਡ ਨਹੀਂ ਹਨ ਉਹ ਕ੍ਰਿਪਾ ਕਰਕੇ ਫਾਊਂਡੇਸ਼ਨ ਨੂੰ ਬਾਕਾਇਦਾ ਫਾਰਮ ਭਰ ਕੇ ਸਮੇਤ ਦੋ ਫੋਟੋਆਂ ਤੁਰੰਤ ਅਪਲਾਈ ਕਰਨ ਤਾਂ ਜੋ ਮੈਂਬਰਸ਼ਿਪ ਕਾਰਡ ਜਾਰੀ ਕੀਤਾ ਜਾਵੇ।**

**- ਸੰਪਾਦਕ**

*ਸ਼ਹੀਦੀ ਦਿਹਾੜੇ ਨੂੰ ਸਮਰਪਿਤ*

# ਸ਼ਹੀਦਾਂ ਦੇ ਸਿਰਤਾਜ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ



**ਨੀਂਹ ਰੱਖੀ ਗਈ ਸਿੱਖੀ ਦੀ ਸੀਸ ਉਤੇ,**
**ਇਹ ਦੁਨੀਆਂ ਸਾਰੀ ਜਾਣਦੀ ਏ।**
**ਜਿਸ ਗੋਦੜੀ ਕੀਤੇ ਲਾਲ ਪੈਦਾ,**
**ਸਿੱਖੀ ਗੋਦੜੀ ਦਾ ਨਿੱਘ ਮਾਣਦੀ ਏ।**
**ਸਿੰਘ ਸੂਰਮੇ ਕਦੇ ਨਾ ਪਿੱਠ ਦਿੱਤੀ,**
**ਘੜੀ ਆਈ ਜਦੋਂ ਆਨ ਤੇ ਸ਼ਾਨ ਦੀ ਏ।**
**ਝੰਡੇ ਝੂਲਦੇ ਰਹਿਣਗੇ ਜੱਗ ਉਤੇ,**
**ਗੱਲ ਵੱਖਰੀ ਪਹਿਚਾਣ ਦੀ ਏ।**

ਪੰਚਮ ਪਿਤਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਆਗਿਆਕਾਰ, ਹੋਣਹਾਰ, ਲਾਡਲੇ ਸਪੁੱਤਰ, ਬਾਣੀ ਕੇ ਬੋਹਿਤ (ਦੋਹਤਾ ਬਾਣੀ ਦਾ ਬੋਹਤਾ) ਆਪਣੇ ਵੱਡਿਆਂ ਤੋਂ ਇਹ ਖਿਤਾਬ ਲੈਣ ਵਾਲੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (ਤਰਤੀਬ) ਕਰਨ ਵਾਲੇ ਨਿਡਰ ਗੁਰੂ, ਜਾਤ-ਪਾਤ ਅਤੇ ਊਚ-ਨੀਚ ਦਾ ਭਿੰਨ ਭੇਦ ਮਿਟਾਉਣ ਵਾਲੇ ਇਨਕਲਾਬੀ ਸਮਾਜ ਸੁਧਾਰਕ, ਬ੍ਰਹਮਗਿਆਨੀ, ਨਿਮਰਤਾ ਦੇ ਪੁੰਜ, ਵੱਖ-ਵੱਖ ਰਾਗ ਰਾਗਣੀਆਂ ਅਤੇ ਸ਼ਾਸ਼ਤਰੀ ਸੰਗੀਤ ਦਾ ਗਿਆਨ ਰੱਖਣ ਵਾਲੇ ਅਤੇ ਮਹਾਨ ਤਪੱਸ਼ਵੀ ਹੋਏ ਹਨ, ਜਿਨ੍ਹਾਂ ਦੇ ਤੁਲ ਜੱਗ ਵਿਚ ਕੋਈ ਮਿਸਾਲ ਨਹੀਂ ਮਿਲਦੀ।


**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**




ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸਾਡੇ ਸਮਾਜ ਨੂੰ ਸਾਰੀ ਮਨੁੱਖਤਾ ਨੂੰ ਅਗਰ ਦੇਣ ਜਾਂ ਬਖਸ਼ਿਸ ਦਾ ਜ਼ਿਕਰ ਕਰੀਏ ਤਾਂ ਉਨ੍ਹਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਅਤੇ ਹੋਰ ਤਿੰਨ ਗੁਰੂ ਸਾਹਿਬਾਨ ਜੀ ਦੇ ਪੂਰਨਿਆਂ ਤੇ ਚੱਲਦੇ ਹੋਏ ਊਚ-ਨੀਚ ਤੇ ਜਾਤ-ਪਾਤ ਦੇ ਭੇਦ ਨੂੰ ਮਿਟਾ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਨਾਹਰਾ ਬੁਲੰਦ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 1604 ਈ. 'ਚ ਸੰਪਾਦਨਾ ਵੇਲੇ 15 ਭਗਤ ਸਾਹਿਬਾਨ ਅਤੇ 11 ਤੇ ਤਿੰਨ ਨਿਕਟਵਰਤੀ ਭੱਟਾਂ ਨੂੰ ਬਰਾਬਰ ਦਾ ਦਰਜਾ ਦੇ ਇਕ ਸੁੱਚਾ ਅਤੇ ਉਚਾ ਤੇ ਉਤਕ੍ਰਿਸ਼ਟ ਕਾਰਜ ਹੀ ਨਹੀਂ ਕੀਤਾ ਸਗੋਂ 'ਸਭੈ ਸਾਂਝੀਵਾਲ ਸਦਾਇਣ ਕੋਈ ਨਾ ਡਿਠੈ ਬਾਹਰਾ ਜੀਉ' ਦਾ ਉਪਦੇਸ਼ ਦੇ ਕੇ ਸਾਰੀ ਮਨੁੱਖਤਾ ਨੂੰ ਇਕ ਲੜੀ 'ਚ ਪਰੋਣ ਦਾ ਖਾਸ ਉਪਰਾਲਾ ਜ਼ਿਕਰਯੋਗ ਹੈ। ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ 1588 ਈ. 'ਚ ਉਸ ਵਕਤ ਦੇ ਸੂਫ਼ੀ ਸੰਤ ਮੀਆਂ ਮੀਰ ਜੀ ਤੋਂ ਨੀਂਹ ਪੱਥਰ ਰਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰ ਦਰਵਾਜ਼ੇ ਰੱਖ ਇਹ ਵੀ ਉਪਦੇਸ਼ ਦਿੱਤਾ ਕਿ 'ਉਪਦੇਸ ਚਹੁੰ ਵਰਨਾ ਕੋ ਸਾਂਝਾ'।

ਅੱਜ ਉਹਨਾਂ ਦੀ ਸ਼ਹੀਦੀ ਗੁਰਪੁਰਬ ਦੇ ਸੰਬੰਧ 'ਚ ਕੁਝ ਲਿਖਿਆ ਜਾਵੇ ਤਾਂ ਸਾਨੂੰ ਸਭ ਤੋਂ ਪਹਿਲਾਂ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਕੀ ਕਾਰਨ ਸਨ ਜਿਨ੍ਹਾਂ ਕਰਕੇ ਪੰਜਵੇਂ ਪਾਤਸ਼ਾਹ ਨੂੰ ਸ਼ਹੀਦੀ ਦੇਣੀ ਪਈ।

1. ਸਿੱਖ ਧਰਮ ਦਾ ਬੋਲਬਾਲਾ ਜਾਂ ਫੈਲਣਾ ਜੋ ਮੌਜੂਦਾ ਹਕੂਮਤ ਜਹਾਂਗੀਰ ਰਾਜੇ ਦੀਆਂ ਅੱਖਾਂ 'ਚ ਰੜਕਦਾ ਸੀ। ਇਸ ਦਾ ਪ੍ਰਮਾਣ ਜਹਾਂਗੀਰ ਰਾਜੇ ਦੀ ਆਪਣੀ ਲਿਖੀ ਸਵੈ-ਜੀਵਨੀ ਤੁਜਕੇ-ਜਹਾਂਗੀਰੀ 'ਚ ਮਿਲਦਾ ਹੈ।

2. ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸ੍ਰੀ ਹਰਿਮੰਦਿਰ ਸਾਹਿਬ ਜੀ ਦੀ ਸਥਾਪਨਾ।

3. ਗੁਰੂ ਜੀ ਵੱਲੋਂ 1604 ਈ. 'ਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (ਤਰਤੀਬ) ਕਰਨੀ। ਜਿਸ ਵਿਚ ਕੋਈ ਵਿਤਕਰਾ ਨਹੀਂ ਕੀਤਾ ਗਿਆ।

4. ਗੁਰੂ ਜੀ ਨੂੰ ਇਕ ਲੱਖ ਰੁਪਏ ਦਾ ਜ਼ੁਰਮਾਨਾ ਲਾਉਣਾ।

5. ਗੁਰੂ ਜੀ ਵੱਲੋਂ ਚੰਦੂ ਦੀ ਧੀ ਦਾ ਰਿਸ਼ਤਾ ਆਪਣੇ ਬੇਟੇ ਵਾਸਤੇ ਸਵੀਕਾਰ ਨਹੀਂ ਕਰਨਾ।

6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਜੋ ਮੌਜੂਦਾ ਹਕੂਮਤ ਦੇ ਕਹਿਣ ਮੁਤਾਬਕ ਇਤਰਾਜ਼ਯੋਗ ਸ਼ਬਦਾਂ ਦਾ ਜ਼ਿਕਰ ਕਰਨਾ ਜੋ ਜਹਾਂਗੀਰ ਰਾਜੇ ਨੂੰ ਪਸੰਦ ਨਹੀਂ ਸੀ।

ਉਨ੍ਹਾਂ ਸਵਾਲ ਉਠਾਇਆ ਕਿ –



**''ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰੁ।**
**ਘੜਿ ਭਾਂਡੇ ਇਟਾਂ ਕੀਆ, ਜਲ ਦੀ ਕਰੈ ਪੁਕਾਰੁ।**
**ਜਲ ਜਲ ਰੋਵੈ ਬਪੁੜੀ, ਝੜ ਝੜ ਪਵੇ ਅੰਗਿਆਰੁ।**
**ਨਾਨਕੁ ਕਰਤੇ ਕਾਰਨ ਕੀਆ ਸੋ ਜਾਣੈ ਕਰਤਾਰੁ।'**

**(ਆਸਾ ਦੀ ਵਾਰ)**

7. ਏਸੇ ਤਰ੍ਹਾਂ ਹੀ 1647 ਈ. 'ਚ ਤਰਨਤਾਰਨ ਨਗਰ ਵਸਾਇਆ। ਸਰੋਵਰ ਦਾ ਵੀ ਕਾਰਜ ਨਾਲ ਹੀ ਆਰੰਭਿਆ ਜੋ ਆਪ ਜੀ ਦੀ ਸਰਪ੍ਰਸਤੀ ਹੇਠ ਪੂਰਾ ਹੋਇਆ ਆਦਿ ਕਈ ਹੋਰ ਇਸ ਤਰ੍ਹਾਂ ਦੇ ਅਨੇਕ ਵਿਲੱਖਣ ਕਾਰਜ ਸਨ ਜੋ ਮੌਜੂਦਾ ਹਕੂਮਤ ਨੂੰ ਚੰਗੇ ਨਹੀਂ ਲੱਗਦੇ ਸਨ।

ਮੈਂ ਅੱਜ ਇਥੇ ਜ਼ਿਕਰ ਕਰ ਦਿਆਂ ਕਿ ਸਿੱਖ ਧਰਮ, ਸਿੱਖ ਫਲਸਫ਼ਾ, ਸਿੱਖਇਜ਼ਮ ਨਾ ਹੀ ਪਹਿਲਾਂ ਅਤੇ ਨਾ ਹੀ ਅੱਜ, ਇਸਲਾਮ ਦੇ ਖਿਲਾਫ਼ ਨਹੀਂ ਸੀ। ਅਗਰ ਲੜਾਈ ਸੀ ਤਾਂ ਸਿਰਫ਼ ਜ਼ਬਰ ਅਤੇ ਜ਼ੁਲਮ ਦੇ ਖਿਲਾਫ਼ ਲੜਾਈ ਸੀ। ਇਸ ਦੀਆਂ ਅਨੇਕ ਮਿਸਾਲਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦੱਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਮਿਲਦੀਆਂ ਹਨ। ਤੁਸੀਂ ਗਿਆਨੀ ਭਜਨ ਸਿੰਘ ਜੀ ਦੇ ਕਈ ਧਾਰਮਕ-ਇਤਿਹਾਸਕ ਨਾਵਲ ਪੜ੍ਹ ਕੇ ਵੀ ਵੇਖੋ। ਸਿੱਖ ਧਰਮ ਦੀ ਜੱਗ ਤੇ ਕੋਈ ਵਿਲੱਖਣ ਮਿਸਾਲ ਨਹੀਂ ਮਿਲਦੀ। ਸਿੱਖ ਫ਼ਲਸਫ਼ਾ ਬਹੁਤ ਹੀ ਗਹਿਰਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਕਤ ਧਾਰਮਕ ਨਿਰਪੱਖਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਜਦੋਂ ਪੰਚਮ ਪਿਤਾ ਜੀ ਨੇ ਉਸ ਵਕਤ ਦੇ ਸੂਫ਼ੀ ਸੰਤ ਮੀਆਂ ਮੀਰ ਜੀ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨੀਂਹ ਪੱਥਰ ਰਖਵਾਇਆ ਤੇ ਚਾਰ ਦਰਵਾਜ਼ੇ ਰੱਖ ਕੇ 'ਉਪਦੇਸ ਚਹੁੰ ਵਰਨਾ ਕੋ ਸਾਂਝਾ' ਦੇ ਕੇ ਸਾਂਝੀਵਾਲਤਾ ਦੀ ਰੀਤ ਚਲਾਈ। ਭਗਤ ਫਰੀਦ ਜੀ, ਭਗਤ ਕਬੀਰ ਜੀ ਤੇ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਉਚਾ ਤੇ ਸੁੱਚਾ, ਬਰਾਬਰ ਦਾ ਦਰਜਾ ਦੇਣਾ ਕਈ ਤਰ੍ਹਾਂ ਦੀਆਂ ਅਲੌਕਿਕ ਮਿਸਾਲਾਂ ਮਿਲਦੀਆਂ ਹਨ।

ਇਹ ਉਹੀ ਸੰਤ ਮੀਆਂ ਮੀਰ ਜੀ ਸਨ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ (ਸ਼ਾਦੀ) 20 ਹਾੜ ਸੰਨ 1646 ਈ. 'ਚ ਸ਼ਰੀਕ ਹੋ ਕੇ ਉਹਨਾਂ ਦੀ ਬਰਾਤੇ ਜ਼ਿਲ੍ਹਾ ਜਲੰਧਰ 'ਚ ਪੈਂਦੇ ਪਿੰਡ ਬਿਲਗਾ ਕੋਲ ਮੌ ਸਾਹਿਬ ਸਮੂੰਹ ਸੰਤ ਮੰਡਲੀ ਲੈ ਕੇ ਗਏ ਸਨ ਜਿਨ੍ਹਾਂ 'ਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਬਾਬਾ ਸੰਗ ਜੀ ਅਤੇ ਬਹੁਤ ਸਾਰੇ ਸੰਤ ਫ਼ਕੀਰ ਸ਼ਾਮਲ ਹੋਏ ਸਨ। ਲਾਵਾਂ ਬਾਬਾ ਬੁੱਢਾ ਜੀ ਨੇ ਪੜ੍ਹੀਆਂ। ਵਿਆਹ ਦੇ ਛੰਦ ਵੀ ਗੁਰੂ ਜੀ ਨੇ ਆਪ ਉਚਾਰੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 1361 ਤੇ ਦਰਜ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਬਾਕੀ ਪੁੱਤਰਾਂ ਨਾਲੋਂ ਬਹੁਤ ਹੀ ਆਗਿਆਕਾਰ ਸਪੁੱਤਰ ਸਨ। ਇਥੇ ਮੈਂ ਥੋੜ੍ਹਾ ਜਿਹਾ ਜ਼ਿਕਰ ਬੜੀ ਹੀ ਸਤਿਕਾਰਯੋਗ ਸ਼ਖ਼ਸ਼ੀਅਤ ਬਾਬਾ ਬੁੱਢਾ ਜੀ ਦਾ ਕਰਨਾ ਚਾਹਾਂਗਾ ਜਿਨ੍ਹਾਂ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਜੀ ਦੀ ਸੇਵਾ ਵੀ ਕੀਤੀ ਅਤੇ ਨੇੜੇ ਹੋ ਕੇ ਸੰਗਤ ਵੀ ਹਾਸਲ ਕੀਤੀ। ਛੇਵੀਂ ਪਾਤਸ਼ਾਹੀ ਜਿਨ੍ਹਾਂ ਦੀ ਬਖਸ਼ਿਸ਼ ਉਹਨਾਂ ਦੇ ਮੁਖਾਰਬਿੰਦ 'ਚੋਂ ਹੋਈ ਸੀ। ਉਮਰ ਦਾ ਕਾਫੀ ਤਜ਼ਰਬਾ ਸੀ ਤੇ ਉਹਨਾਂ ਦੀ ਉਮਰ ਵੀ ਤਕਰੀਬਨ 125 ਸਾਲ ਦੇ ਕਰੀਬ ਹੋਈ। ਜਦ ਉਨ੍ਹਾਂ ਨਾਲ ਛੇਵੀਂ ਪਾਤਸ਼ਾਹੀ ਬਚਨ ਬਿਲਾਸ ਕਰ ਰਹੇ ਸਨ ਤਾਂ ਬਾਬਾ ਬੁੱਢਾ ਜੀ ਨੇ ਮੁਖੋਂ ਇਹ ਸ਼ਬਦ ਬੜੇ ਹੀ ਆਦਰ ਸਹਿਤ ਉਚਾਰੇ -

1. ਸ੍ਰੀ ਗੁਰੂ ਨਾਨਕ ਦੇਵ ਜੀ ਵਰਗਾ ਕੋਈ ਜੱਗ ਤੇ ਗੁਰੂ ਨਹੀਂ ਹੋਇਆ।

2. ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ) ਵਰਗਾ ਕੋਈ ਸਿੱਖ ਨਹੀਂ ਹੋਇਆ।

3. ਸ੍ਰੀ ਗੁਰੂ ਅਮਰਦਾਸ ਜੀ ਵਰਗਾ ਕੋਈ ਸੇਵਕ ਨਹੀਂ ਹੋਇਆ।

4. ਸ੍ਰੀ ਗੁਰੂ ਰਾਮਦਾਸ ਜੀ ਵਰਗਾ ਜਵਾਈ (ਦਮਾਮ) ਨਹੀਂ ਹੋਇਆ।

5. ਸ੍ਰੀ ਗੁਰੂ ਅਰਜਨ ਦੇਵ ਜੀ ਵਰਗਾ ਕੋਈ ਜੱਗ ਤੇ ਨੇਕ ਸਪੁੱਤਰ ਨਹੀਂ ਹੋਇਆ।

ਉਹਨਾਂ ਦੇ ਨੇਕ ਸੁਭਾਅ ਅਤੇ ਨਿਮਰਤਾ ਦੇ ਪੁੰਜ ਹੋਣ ਦੀਆਂ ਕਈ ਮਿਸਾਲਾਂ ਉਹਨਾਂ ਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਹਨ ਮਿਲਦੀਆਂ ਹਨ। ਲਾਹੌਰ 'ਚ ਆਪਣੇ ਪਿਤਾ ਜੀ ਦੇ ਕਹਿਣ ਮੁਤਾਬਕ ਜਦ ਉਹ ਸ਼ਾਦੀ ਤੇ ਗਏ। ਜੋ ਚਿੱਠੀਆਂ ਦੇ ਰੂਪ ਵਿਚ ਉਹਨਾਂ ਆਪਣੇ ਮਨ ਦੀ ਤੜਫਨਾ ਦਾ ਜ਼ਿਕਰ ਕੀਤਾ ਇਹ ਆਪਣੇ ਵੱਡਿਆਂ ਨੂੰ ਮਿਲਣ ਦੀ ਤਾਂਘ ਸੀ, ਪੀੜ੍ਹਾ ਸੀ, ਦਰਦ ਸੀ ਜੋ ਮਾਝ ਮਹਲਾ ੫ ਚਉਪਦੇ ਘਰ ੧॥ 'ਚ

ਜ਼ਿਕਰ ਮਿਲਦਾ ਹੈ–

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥**
**ਬਿਲਪ ਕਰੇ ਚਾਤ੍ਰਿਕ ਕੀ ਨਿਆਈ॥**
**ਤ੍ਰਿਖਾ ਨ ਉਤਰੈ ਸਾਂਤ ਨਾ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥**
**ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥**
**(ਰਹਾਉ)**

*

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**
**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ**
**ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥**
**ਹਉ ਘੋਲੀ ਜੀਉ ਘੋਲਿ ਘੁਮਾਈ**
**ਤਿਸ ਸਚੇ ਗੁਰ ਦਰਬਾਰੇ ਜੀਉ॥੧॥ ਰਹਾਉ॥**

*

**ਭਾਗ ਹੋਆ ਗੁਰਿ ਸੰਤ ਮਿਲਾਇਆ॥**
**ਪ੍ਰਭ ਅਬਿਨਾਸੀ ਘਰ ਮਹਿ ਪਾਇਆ॥**
**ਸੇਵ ਕਰੀ ਪਲੁ ਚਸਾ ਨ ਵਿਛੁੜਾ**
**ਜਨ ਨਾਨਕ ਦਾਸ ਤੁਮਾਰੇ ਜੀਉ॥੪॥**
**ਹਉ ਘੋਲੀ ਜੀਉ ਘੋਲਿ ਘੁਮਾਈ**
**ਜਨ ਨਾਨਕ ਦਾਸ ਤੁਮਾਰੇ ਜੀਉ॥ਰਹਾਉ॥**

ਅਗਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਬਾਣੀ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ 'ਚ ਰਚੀ ਗਈ ਬਾਣੀ ਵਿਚੋਂ ਸਭ ਤੋਂ ਜ਼ਿਆਦਾ ਹੈ। ਉਹਨਾਂ ਨੂੰ ਸਾਰੇ ਰਾਗਾਂ ਬਾਰੇ ਪੂਰਾ ਗਿਆਨ ਹੀ ਨਹੀਂ ਸੀ ਸਗੋਂ ਪ੍ਰਪੱਕਤਾ ਵੀ ਰੱਖਦੇ ਸਨ। ਸ੍ਰੀ ਸੁਖਮਨੀ ਸਾਹਿਬ ਜੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਗਾਉੜੀ ਦੇ ਮਹਲਾ ਪੰਜਵਾਂ ਵਿਚ ਅੰਕ 962 ਉਪਰ ਬਹੁਤ ਹੀ ਅਲੌਕਿਕ ਤਰੀਕੇ ਨਾਲ ਦਰਜ ਹੈ। ਸ੍ਰੀ ਸੁਖਮਨੀ ਸਾਹਿਬ ਜੀ ਦੀਆਂ 24 ਅਸ਼ਟਪਦੀਆਂ ਹਨ ਅਤੇ ਇਸ ਦੇ ਕੁਲ 24 ਹਜ਼ਾਰ ਹੀ ਅੱਖਰ ਹਨ। ਇਹ ਗੁਰੂ ਜੀ ਹੁਰਾਂ ਦੀ ਵਡਮੁੱਲੀ ਰਚਨਾ ਹੈ। ਇਹ ਸੁੱਖਾਂ ਦੀ ਮਣੀ ਜਾਂ ਸੁੱਖਾਂ ਦਾ ਸਾਗਰ ਹੀ ਨਹੀਂ ਸਗੋਂ ਇਸ ਸਾਗਰ 'ਚ ਅਸੀਂ ਚੁਭੀ ਮਾਰ ਕੇ ਦੇਖੀਏ ਤਾਂ ਇਸ ਵਿਚ ਹੀਰੇ ਜਵਾਰਾਤ ਦਾ ਖਜ਼ਾਨਾ ਹੈ। ਸਿਰਫ਼ ਸਾਡੀ ਨੇਹਚਾ ਹੋਣੀ ਚਾਹੀਦੀ ਹੈ। ਹਰੇਕ ਅਸ਼ਟਪਦੀ 'ਚ ਬੜਾ ਹੀ ਬਰੀਕੀ ਨਾਲ ਜ਼ਿਕਰ ਕੀਤਾ ਗਿਆ ਹੈ। ਪ੍ਰਭੂ, ਪ੍ਰਮਾਤਮਾ ਦਾ ਜਾਪ ਕਰਨ ਨਾਲ ਕੀ-ਕੀ ਸੁੱਖ ਮਿਲਦੇ ਹਨ ਦੱਸਿਆ ਗਿਆ ਹੈ–

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥**
**ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥**
**ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥**
**ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥**
**ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥**
**ਪ੍ਰਭ ਕੇ ਸਿਮਰਨਿ ਅਨਦਿਨੁ ਜਾਗੈ॥**
**ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥**
**ਪ੍ਰਭ ਕੈ ਸਿਮਰਨਿ ਦੁਖ ਨ ਸੰਤਾਪੈ॥**
**ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥**
**ਸਰਬ ਨਿਧਾਨ ਨਾਨਕ ਹਰਿ ਰੰਗਿ॥੨॥**

ਪਿਆਰੀ ਸਾਧ ਸੰਗਤ ਜੀ ਅਗਰ ਸ੍ਰੀ ਗੁਰੂ ਅਰਜਨ ਦੇਵ ਜੀ ਹੁਰਾਂ ਦੀ ਬਾਣੀ ਦੀ ਬਰੀਕੀ ਨਾਲ ਖੋਜ ਕਰੀਏ ਤਾਂ ਇਹਨਾਂ ਦੀ ਬਾਣੀ 'ਚ ਸ਼ਬਦਾਂ ਰਾਹੀਂ ਮੁਰਾਦਾਂ ਵੀ ਪੂਰੀਆਂ ਹੁੰਦੀਆਂ ਹਨ। ਕੋਈ ਇਸ ਵਿਚ ਜਾਦੂ ਟੂਣੇ ਜਾਂ ਧਾਗੇ ਤਵੀਤ ਵਾਲੀ ਗੱਲ ਨਹੀਂ। ਸਿਰਫ਼ ਸ਼ਬਦ ਰਾਹੀਂ ਜਾਪ ਕਰਨ ਨਾਲ ਹੀ ਉਸ ਵਾਹਿਗੁਰੂ ਦੀ ਖੁਦ ਆਪ ਹੀ ਅਪਾਰ ਕਿਰਪਾ ਹੋ ਜਾਂਦੀ ਹੈ।

ਸੋ ਅਗਰ ਗੁਰਦੇਵ ਪਿਤਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਹੋਰ ਬਰੀਕੀ ਨਾਲ ਘੋਖ ਕਰੀਏ ਤਾਂ ਉਹ ਕੇਵਲ ਬ੍ਰਹਮਗਿਆਨੀ ਹੀ ਨਹੀਂ ਸਨ ਸਗੋਂ ਸਰਬ ਕਲਾ ਸਮਰੱਥ ਸਨ। ਮੌਕੇ ਦੀ ਹਕੂਮਤ ਨੇ ਉਹਨਾਂ ਨਾਲ ਜੋ ਵਤੀਰਾ ਕੀਤਾ ਸੀ ਇਹ ਉਹਨਾਂ ਨੂੰ ਭਲੀ ਭਾਂਤ ਪਹਿਲਾਂ ਸਭ ਪਤਾ ਸੀ ਪਰ ਉਹ ਆਪਣੇ ਸਿਦਕ ਤੇ ਅਡੋਲ ਸਨ। ਜੋ ਇਕ ਲੱਖ ਰੁਪਏ ਦਾ ਜ਼ੁਰਮਾਨਾ ਵੀ ਹਕੂਮਤ ਨੇ ਲਾਇਆ ਸੀ। ਗੁਰੂ ਜੀ ਕੋਲ ਕਿਸੇ ਗੱਲ ਦੀ ਕੋਈ ਘਾਟ ਨਹੀਂ ਸੀ ਉਹ ਪੈਸੇ ਦੇ ਸਕਦੇ ਸਨ। ਪਰ ਉਹਨਾਂ ਇੰਜ ਨਹੀਂ ਕੀਤਾ। ਉਹਨਾਂ ਦੀ ਸਿੱਖੀ ਸਿਦਕ ਭਰੋਸੇ ਪਰਖਣ ਦੀ ਘੜੀ ਆ ਗਈ ਸੀ। ਸੋ ਅੱਜ ਦੇ ਸ਼ਹੀਦੀ ਗੁਰਪੁਰਬ ਤੇ ਆਉ ਗੁਰਦੇਵ ਪਿਤਾ ਜੀ ਦੀ ਸੋਚ ਨੂੰ ਅਪਣਾਈਏ ਅਤੇ ਉਹਨਾਂ ਦੇ ਨਕਸ਼ੇ-ਕਦਮ ਤੇ ਚੱਲਣ ਦੀ ਕੋਸ਼ਿਸ਼ ਕਰੀਏ।

ਅੱਜ ਦੇ ਦਿਨ ਸਾਡੀ ਸੱਚੀ ਸ਼ਰਧਾ ਉਹਨਾਂ ਪ੍ਰਤੀ ਇਹੀ ਹੋਵੇਗੀ ਕਿ ਉਹਨਾਂ ਦੇ ਫਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਈਏ ਅਤੇ ਗੁਰੂ ਜੀ ਦੀ ਮੱਤ ਦੇ ਧਾਰਨੀ ਬਣੀਏ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਗਿਆਨ ਸਾਗਰ ਦੇ ਸੁੱਚੇ ਮੋਤੀ

**ਸਿੰਘ ਸਾਹਿਬ ਗਿਆਨੀ ਚੇਤ ਸਿੰਘ**

**ਮੁਰਾਲੇ ਦਾ ਲੰਗਰ** – ਮੁਰਾਲੇ ਦਾ ਲੰਗਰ ਮਸ਼ਹੂਰ ਸੀ। ਇਕ ਵੇਰ ਤੰਦੂਰ ਤਪਾਇਆ ਜਾਂਦਾ ਤਾਂ ਲਗਭਗ ਇਕ ਸੌ ਪ੍ਰਾਣੀਆਂ ਲਈ ਪ੍ਰਸਾਦੇ ਪੱਕ ਜਾਂਦੇ। ਇਕ ਸੱਜਣ ਬਾਬਾ ਜੈ ਸਿੰਘ ਜੰਡਾ ਵਾਲੇ ਪਿੰਡ ਦੇ ਇਨ੍ਹਾਂ ਪ੍ਰਸਾਦਿਆਂ ਨੂੰ ਨਾਲ–ਨਾਲ ਚੋਪੜੀ ਜਾਂਦੇ। ਘਿਉ ਦੇਸੀ ਵਰਤਿਆ ਜਾਂਦਾ ਸੀ। ਰਾਤ ਨੂੰ ਦਾਲਾਂ ਤੇ ਆਚਾਰ ਅਤੇ ਦੁਪਹਿਰ ਨੂੰ ਇਕ ਦਾਲ ਤੇ ਇਕ ਸਬਜ਼ੀ ਪ੍ਰਸਾਦਿਆਂ ਨਾਲ ਦਿੱਤੀ ਜਾਂਦੀ ਸੀ। ਜਦੋਂ ਲੰਗਰ ਤਿਆਰ ਹੋ ਜਾਂਦਾ ਤਾਂ ਲੰਗਰ ਦੀ ਸੇਵਾ ਕਰਨ ਵਾਲੇ ਪ੍ਰੇਮੀਆਂ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਜਾ ਕੇ ਬੇਨਤੀ ਕਰਨੀ ਕਿ ਮਹਾਰਾਜ ! ਲੰਗਰ ਤਿਆਰ ਹੈ। ਫਿਰ ਆਪ ਲੰਗਰ ਵਿਚ ਆਉਂਦੇ, ਪ੍ਰਸਾਦੇ ਆਪ ਦੋਬਾਰਾ ਚੋਪੜਦੇ ਤੇ ਖੋਭੇ ਕੱਢ ਕੇ ਵਿਚ ਖੂਬ ਘਿਉ ਪਾ ਕੇ ਤਰੋ–ਤਰੀ ਕਰਦੇ। ਫਿਰ ਆਪ ਹੀ ਸੰਗਤ ਵਿਚ ਵਰਤਾਉਂਦੇ। ਇਕ ਦੋ ਵੇਰ ਪ੍ਰਸਾਦੇ ਸੰਗਤ ਨੂੰ ਪੁੱਛ ਕੇ ਫਿਰ ਆਪ ਭੀ ਸੰਗਤ ਵਿਚ ਇਕ ਮੂੜ੍ਹੇ ਤੇ ਬੈਠ ਕੇ ਸੰਗਤ ਨਾਲ ਹੀ ਪ੍ਰਸਾਦਾ ਛਕਦੇ। ਆਪ ਦਾ ਖਾਣ–ਪੀਣ ਦਾ ਬਹੁਤ ਸੰਜਮ ਸੀ, ਬਹੁਤ ਥੋੜ੍ਹਾ ਭੋਜਨ ਛਕਦੇ ਸਨ। ਉਨ੍ਹਾਂ ਦੇ ਪ੍ਰਸਾਦ ਵਿਚ ਕੋਈ ਵੱਖਰੀ ਵਿਸ਼ੇਸ਼ਤਾ ਨਹੀਂ ਸੀ ਹੁੰਦੀ। ਜਦ ਕਿ ਅੱਜ ਦੇ ਸਮੇਂ ਵਿਚ ਸੰਗਤ ਤੋਂ ਵੱਖਰੇ ਥਾਲ, ਗੱਦੀਆਂ ਵਾਲਿਆਂ ਵਾਸਤੇ ਲੱਗਦੇ ਹਨ। ਲੰਗਰ ਲਈ ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਜਿਤਨਾ ਪ੍ਰੇਮ ਨਾਲ ਸੰਗਤਾਂ ਨੂੰ ਲੰਗਰ ਛਕਾਇਆ ਜਾਵੇ, ਉਤਨਾ ਹੀ ਵੱਧ ਤੋਂ ਵੱਧ ਆਵੇਗਾ। ਨੌ ਨਿਧੀਆਂ ਅਤੇ ਅਠਾਰਾਂ ਸਿਧੀਆਂ ਸੰਗਤ ਨੂੰ ਪ੍ਰੇਮ ਨਾਲ ਲੰਗਰ ਛਕਾਉਣ ਨਾਲ ਪ੍ਰਾਪਤ ਹੁੰਦੀਆਂ ਹਨ। ਉਹ ਗੁਰੂ ਘਰ ਦੀ ਪੁਰਾਤਨ ਮਰਯਾਦਾ ਅਨੁਸਾਰ ਲੰਗਰ ਨੂੰ ਬਹੁਤ ਮਹਾਨਤਾ ਦਿੰਦੇ ਸਨ ਤੇ ਆਪ ਪੂਰਾ ਵਿਸ਼ਵਾਸ ਰੱਖਦੇ ਸਨ। ਇਸ ਤਰ੍ਹਾਂ ਆਪ ਜੀ ਨੇ ਮੁਰਾਲੇ ਡੇਰੇ ਵਿਚ ਇਕ ਬੇ–ਮਿਸਾਲ ਲੰਗਰ ਚਲਾਇਆ ਜਿਸ ਵਰਗਾ ਅੱਜ ਤੱਕ ਕੋਈ ਲੰਗਰ ਦੇਖਣ ਵਿਚ ਨਹੀਂ ਆਇਆ। ਗਰਮੀਆਂ ਵਿਚ ਪਿਛਲੇ ਪਹਿਰ ਸਾਰੀ ਸੰਗਤ ਨੂੰ ਬੜੇ ਪਿਆਰ ਨਾਲ ਸਰਦਾਈ ਛਕਾਈ ਜਾਂਦੀ ਸੀ। ਰਾਤ ਨੂੰ ਸਭ ਮਹਾਂਪੁਰਖਾਂ ਨੂੰ ਉਨ੍ਹਾਂ ਦੇ ਕਮਰਿਆਂ ਵਿਚ ਦੁੱਧ ਪਹੁੰਚਾਇਆ ਜਾਂਦਾ ਸੀ। ਦਿਨੇ ਗੁਫ਼ਾ ਵਿਚ ਆਪ ਇਕ ਤਖ਼ਤਪੋਸ਼ 'ਤੇ ਆਰਾਮ ਕਰਦੇ ਸਨ। ਰਾਤ ਨੂੰ ਗਰਮੀਆਂ ਵਿਚ ਫਰਸ ਦੇ ਉੱਤੇ ਹੇਠਾਂ ਹੀ ਇਕ ਸਫ਼ 'ਤੇ ਪਏ ਰਹਿੰਦੇ। ਸਰਦੀਆਂ ਵਿਚ ਅੰਦਰ ਤਖ਼ਤਪੋਸ਼ 'ਤੇ ਬਿਰਾਜਦੇ ਸਨ। ਸੰਤ ਬਿਸ਼ਨ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਉਪਰੰਤ ਇਸ ਤਰ੍ਹਾਂ ਆਪ ਜੀ ਨੇ ਆਪਣੇ ਆਪ ਨੂੰ ਕਠਿਨ ਤਪੱਸਿਆ ਵਿਚ ਢਾਲਿਆ। ਆਪ ਜੀ ਕਿਸੇ ਬੀਬੀ ਨੂੰ ਆਪਣੇ ਪੈਰਾਂ 'ਤੇ ਮੱਥਾ ਨਹੀਂ ਸੀ ਟੇਕਣ ਦਿੰਦੇ, ਹੱਥ ਨਹੀਂ ਸੀ ਲਾਉਣ ਦਿੰਦੇ। ਨਾ ਹੀ ਕਿਸੇ ਬੀਬੀ ਨੂੰ ਕਮਰੇ ਵਿਚ ਆਉਣ ਦੀ ਆਗਿਆ ਸੀ। ਆਪ ਜੀ ਕਿਸੇ ਨਾਲ ਬਹੁਤ ਗੱਲਬਾਤ ਭੀ ਨਹੀਂ ਸਨ ਕਰਦੇ। ਆਪ ਜੀ ਉਸ ਸਮੇਂ ਬਹੁਤਾ ਅੰਤਰਮੁਖੀ ਬਿਰਤੀ ਵਿਚ ਰਹਿੰਦੇ ਸਨ।

**ਮਾਈ ਬਿਸ਼ਨ ਦੇਈ** - ਇਹ ਮਾਤਾ ਮੁਰਾਲੇ ਪਿੰਡ ਦੀ ਹੀ ਸੀ, ਵਿਧਵਾ ਹੋ ਗਈ ਸੀ, ਵੱਡੇ ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਦੇ ਵਕਤ ਹੀ ਡੇਰੇ ਆ ਗਈ ਸੀ। ਇਸ ਨੇ ਲੰਗਰ ਦੀ ਸਾਰੀ ਸੇਵਾ ਚੁੱਕੀ ਹੋਈ ਸੀ। ਪ੍ਰਸਾਦੇ ਪਕਾਉਣੇ, ਸਬਜ਼ੀ ਭਾਜੀ ਤਿਆਰ ਕਰਨੀ, ਦੁੱਧ ਦਾ ਸੰਭਾਲਣਾ, ਦੁੱਧ ਰਿੜਕਨਾ, ਸਵੇਰੇ ਸਾਧੂ ਸੰਤਾਂ ਨੂੰ ਮੱਖਣ ਲੱਸੀ ਦੇਣਾ, ਰਾਤ ਨੂੰ ਦੁੱਧ ਭੀ ਸਾਧੂ ਸੰਤਾਂ ਨੂੰ ਦੇਣਾ, ਉਹ ਬਹੁਤ ਭਜਨੀਕ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਇਕ ਤਰ੍ਹਾਂ ਪੁੱਤਰ ਹੀ ਸਮਝਦੀ ਸੀ। ਜੇਕਰ ਕੋਈ ਚੀਜ਼ ਆਪ ਜੀ ਨੂੰ ਖਾਣ ਵਾਸਤੇ ਮਾਤਾ ਦੇਵੇ ਤਾਂ ਆਪ ਖਾਣ ਤੋਂ ਇਨਕਾਰ ਕਰਨ ਤਾਂ ਜਿਸ ਤਰ੍ਹਾਂ ਮਾਂ ਆਪਣੇ ਪੁੱਤਰ ਨੂੰ ਤਾੜ ਕੇ ਖੁਆਉਂਦੀ ਹੈ, ਇਸੇ ਤਰ੍ਹਾਂ ਮਾਤਾ ਬਿਸ਼ਨ ਦੇਈ ਭੀ ਮਹਾਂਪੁਰਖਾਂ ਨੂੰ ਤਾੜ ਕੇ ਖੁਆਉਂਦੀ ਸੀ। (ਦਾਸ ਨੇ ਮਾਤਾ ਬਿਸ਼ਨ ਦੇਈ ਦੇ ਦਰਸ਼ਨ ਕੀਤੇ ਹਨ। ਇਨ੍ਹਾਂ ਦਾ ਸਸਕਾਰ ਮਹਾਂਪੁਰਸ਼ਾਂ ਨੇ ਆਪਣੇ ਹੱਥੀਂ ਕੀਤਾ ਸੀ। ਅਖੰਡ ਪਾਠ ਰਖਾਇਆ, ਤੇ ਕੀਰਤਨ ਆਪ ਕੀਤਾ।)

ਮਾਤਾ ਬਿਸ਼ਨ ਦੇਈ ਦੇ ਪਿਛੋਂ ਮਾਈ ਕਰਮ ਦੇਈ ਨੇ ਕਈ ਸਾਲ ਲੰਗਰ ਦੀ ਸੇਵਾ ਕੀਤੀ।

**ਮੁਰਾਲੇ ਡੇਰੇ ਵਿਚ ਇਮਾਰਤ ਆਦਿ ਦੀ ਨਵੀਂ ਯੋਜਨਾ** - ਡੇਰੇ ਦੇ ਦੁਆਲੇ ਪਹਿਲੇ ਵਾੜ ਹੀ ਹੁੰਦੀ ਸੀ। ਆਪ ਜੀ ਨੇ ਚਾਰੇ ਪਾਸੇ ਚਾਰ–ਦੀਵਾਰੀ ਬਣਾ ਕੇ ਪਿੰਡ ਵਾਲੇ ਪਾਸੇ ਇਕ ਵੱਡਾ ਗੇਟ ਲੁਆ ਦਿੱਤਾ। ਬਾਹਰ ਜਾਣ ਲਈ ਇਕ ਛੋਟਾ ਬਾਰੀ–ਨੁਮਾ ਦਰਵਾਜ਼ਾ ਲੁਆਇਆ, ਜਿਸ ਦਰਵਾਜ਼ੇ ਵਿਚੋਂ ਪਸ਼ੂ ਕੋਈ ਨਹੀਂ ਸੀ ਆ ਜਾ ਸਕਦਾ। ਇਸ ਤਰ੍ਹਾਂ ਡੇਰਾ ਇਕ ਕਿਲ੍ਹੇ ਦੀ ਸ਼ਕਲ ਦਾ ਬਣਾ ਦਿੱਤਾ। ਇਸ ਦੇ ਅੰਦਰ ਪਹਿਲੇ ਇਕ ਛੋਟਾ ਜਿਹਾ ਪ੍ਰਕਾਸ਼ ਅਸਥਾਨ ਸੀ, ਇਕ ਲੰਗਰ ਭੀ ਸੀ। ਇਕ ਖੂਹ ਸੀ, ਜਿਸ ਨੂੰ ਬੈਲਾਂ ਰਾਹੀਂ ਜੋਤਦੇ ਸਨ ਅਤੇ ਪਾਣੀ ਬਾਗ਼ ਨੂੰ ਅਤੇ ਸਬਜ਼ੀ ਆਦਿ ਨੂੰ ਦਿੱਤਾ ਜਾਂਦਾ ਸੀ। ਮੱਝਾਂ, ਗਾਈਆਂ, ਬੈਲਾਂ ਆਦਿ ਲਈ ਇਕ ਵੱਖਰਾ 'ਹਾਤਾ ਸੀ, ਜਿਸ ਵਿਚ ਤੂੜੀ ਆਦਿ ਦੀ ਸੰਭਾਲ ਲਈ ਵੱਡੇ–ਵੱਡੇ ਕੋਠੇ ਸਨ। ਬਾਹਰਲੀ ਕੰਧ ਨਾਲ ਸਾਧੂ ਸੰਤਾਂ ਦੀ ਰਿਹਾਇਸ਼ ਲਈ ਕਮਰੇ ਬਣੇ ਹੋਏ ਸਨ, ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਇਕ ਬਹੁਤ ਸੁੰਦਰ ਪ੍ਰਕਾਸ਼ ਅਸਥਾਨ ਨਵਾਂ ਬਣਾਇਆ। ਇਸ ਪ੍ਰਕਾਸ਼ ਅਸਥਾਨ ਦੀ ਸੇਵਾ ਸੰਤ ਬਾਬਾ ਭਾਗ ਸਿੰਘ ਜੀ ਆਦਿ ਮਹਾਂਪੁਰਸ਼ਾਂ ਨੇ ਆਪਣੀ ਹੱਥੀਂ ਬਹੁਤ ਕੀਤੀ। ਇਸ ਦੇ ਅੰਦਰ ਸੰਗਮਰਮਰ ਦਾ ਬਹੁਤ ਸੁੰਦਰ ਫਰਸ਼ ਲੁਆਇਆ। ਇਸ ਦੇ ਤਿੰਨ ਦਰਵਾਜ਼ੇ ਸਨ, ਤਕਰੀਬਨ ਅੱਠ–ਅੱਠ ਫੁੱਟ ਚੌੜੇ, ਜਿਨ੍ਹਾਂ ਦੀਆਂ ਜੋੜੀਆਂ ਦੀ ਸੇਵਾ ਇਕ ਮਸ਼ਹੂਰ ਕਾਰੀਗਰ ਮਿਸਤਰੀ ਝੰਡਾ ਸਿੰਘ ਜੀ ਬਾਬੇ ਦੀ ਬੇਰ ਸਿਆਲਕੋਟ ਵਾਲਿਆਂ ਨੇ ਬੜੇ ਸ਼ੌਂਕ ਨਾਲ ਚਿੱਤਰਕਾਰੀ ਕਰ ਕੇ ਲੱਕੜ ਦੇ ਵਿੱਚ ਸੁੰਦਰ ਫੁੱਲ ਬਣਾ ਕੇ ਕੀਤੀ। ਇਨ੍ਹਾਂ ਲੱਕੜ ਦੀਆਂ ਜੋੜੀਆਂ ਨੂੰ ਦੇਖ ਕੇ ਦੰਗ ਰਹਿ ਜਾਈਦਾ ਸੀ। ਇਸ ਦੇ ਅੰਦਰ ਸਜਾਵਟ ਲਈ ਤੇ ਰੌਸ਼ਨੀ ਲਈ ਇਕ ਵੱਡਾ ਸਾਰਾ ਝਾੜ ਅਤੇ ਬਹੁਤ ਸਾਰੀਆਂ ਹਾਂਡੀਆਂ ਲਟਕਾਈਆਂ ਸਨ। ਬਿਜਲੀ ਤਾਂ ਉਦੋਂ ਹੈ ਨਹੀਂ ਸੀ, ਪਰ ਮੋਮਬੱਤੀਆਂ ਇਨ੍ਹਾਂ ਵਿਚ ਰੱਖ ਕੇ ਜਦੋਂ ਜਗਾਈਆਂ ਜਾਂਦੀਆਂ ਸਨ, ਉਦੋਂ ਇਸ ਪ੍ਰਕਾਸ਼ ਅਸਥਾਨ ਵਿਚ ਜਗਮਗ ਜਗਮਗ ਹੋ ਜਾਂਦੀ ਸੀ ਅਤੇ ਇਸ ਅਸਥਾਨ ਦੀ ਸ਼ੋਭਾ ਨੂੰ ਚਾਰ ਚੰਨ ਲੱਗ ਜਾਂਦੇ ਸਨ। ਇਸ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੋ ਬੀੜਾਂ ਦੇ ਪ੍ਰਕਾਸ਼ ਲਈ ਇਕ ਸੁੰਦਰ ਸੰਗਮਰਮਰ ਦਾ ਥੜ੍ਹਾ ਬਣਾਇਆ, ਜਿਸ ਦੇ ਉੱਤੇ

ਬੀੜਾਂ ਦੇ ਪ੍ਰਕਾਸ਼ ਲਈ ਚਾਂਦੀ ਦੇ ਪਾਵਿਆਂ ਵਾਲੇ ਦੋ ਮੰਜੀ ਸਾਹਿਬ ਸਨ। (ਮਹਾਂਪੁਰਖ ਦੱਸਦੇ ਸਨ ਕਿ ਇਨ੍ਹਾਂ ਲਈ ਰੇਸ਼ਮੀ ਨਵਾਰ ਅੰਮ੍ਰਿਤਸਰੋਂ ਨਹੀਂ ਸੀ ਮਿਲੀ, ਬੜੇ ਜਤਨ ਨਾਲ ਲਾਹੌਰ ਤੋਂ ਮਿਲੀ ਸੀ।) ਇਸ ਸੁੰਦਰ ਰੇਸ਼ਮੀ ਨਵਾਰ ਨਾਲ ਇਹ ਦੋਵੇਂ ਮੰਜੀ ਸਾਹਿਬ ਉਣੇ ਹੋਏ ਸਨ। ਇਨ੍ਹਾਂ ਦੋਵਾਂ ਮੰਜੀ ਸਾਹਿਬਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੋ ਬੀੜਾਂ ਦਾ ਬੜੇ ਸਤਿਕਾਰ ਨਾਲ ਪ੍ਰਕਾਸ਼ ਕੀਤਾ ਜਾਂਦਾ ਸੀ। ਬੀੜਾਂ ਉੱਤੇ ਇਕ ਬਹੁਤ ਸੁੰਦਰ ਮਖਮਲ ਦਾ ਚੰਦੋਆ ਜੋ ਡੋਰੀ ਨਾਲ ਕੱਢਿਆ ਹੋਇਆ ਸੀ ਉਹ ਲਗਾਇਆ ਜਾਂਦਾ ਸੀ। ਚੰਦੋਏ ਦੇ ਹੇਠ ਕਾਫੀ ਵਜ਼ਨ ਦਾ ਭਾਰਾ ਇਕ ਸੋਨੇ ਦਾ ਛੱਬਾ ਲਗਾਇਆ ਜਾਂਦਾ ਸੀ। ਰੁਮਾਲੇ ਬਹੁਤ ਸੁੰਦਰ ਗੋਟੇ-ਕਨਾਰੀ ਨਾਲ ਕੱਢੇ ਹੋਏ ਹੁੰਦੇ ਜੋ ਉਚੇਚੇ ਪਿਸ਼ਾਵਰ ਤੋਂ ਆਪ ਜੀ ਨੇ ਬਣਵਾਏ ਸਨ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੋਹਾਂ ਬੀੜਾਂ 'ਤੇ ਸਜਾਏ ਜਾਂਦੇ ਸਨ। ਇਕ ਸੋਨੇ ਦਾ ਬਹੁਤ ਸੁੰਦਰ ਤੇ ਕਾਫੀ ਭਾਰਾ ਚੌਰ ਸਾਹਿਬ ਇਨ੍ਹਾਂ ਬੀੜਾਂ ਦੇ ਉੱਤੇ ਝੁਲਾਉਣ ਲਈ ਆਪ ਜੀ ਨੇ ਬਣਾਇਆ ਸੀ।

ਇਹ ਰੁਮਾਲਿਆਂ ਦਾ ਸਾਰਾ ਸੈੱਟ ਗੁਰਪੁਰਬਾਂ ਸਮੇਂ ਜਾਂ ਭਾਦਰੋਂ ਦੇ ਜੋੜ-ਮੇਲੇ 'ਤੇ ਲਾਇਆ ਜਾਂਦਾ ਸੀ। ਉਦੋਂ ਇਸ ਅਸਥਾਨ ਦੇ ਦਰਸ਼ਨ ਕਰਨ ਵਾਲੇ ਗਦਗਦ ਹੋ ਜਾਂਦੇ।

**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪ੍ਰਵਾਨੁ ॥**

**(ਸਲੋਕ ਕਬੀਰ ਜੀ, ਪੰਨਾ ੧੩੭੦)**

ਮੇਰੇ ਲਿਖਣ ਦਾ ਭਾਵ ਇਹ ਹੈ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉੱਤੇ ਅਥਾਹ ਸ਼ਰਧਾ ਸੀ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸ ਗੁਰੂਆਂ ਦੀ ਪ੍ਰਤੱਖ ਜੋਤ ਸਮਝਦੇ ਸਨ। ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਸਣ ਤੱਕ ਬੈਠਣ ਲਈ ਨਹੀਂ ਸੀ ਛਿਡਾਉਣ ਦਿੰਦੇ, ਜਦ ਕਿ ਬੜੇ-ਬੜੇ ਮਹੰਤ ਗੱਦੀਆਂ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠੇ ਦੇਖੇ ਗਏ ਹਨ। ਆਪ ਜੀ ਨੇ ਕੁੱਝ ਨਵੇਂ ਕਮਰੇ ਤੇ ਚੁਬਾਰੇ ਆਏ ਗਏ ਯਾਤਰੂਆਂ ਲਈ ਤੇ ਸਾਧੂ ਸੰਤਾਂ ਲਈ ਬਣਾਏ। ਸੰਤ ਬਾਬਾ ਬਾਗ ਸਿੰਘ ਜੀ, ਜੋ ਮਹਾਨ ਤਪੱਸਵੀ ਅਤੇ ਇਕਾਂਤ ਸੇਵੀ ਸਨ, ਨਾਮ ਸਿਮਰਨ ਵਿਚ ਅੱਠੇ ਪਹਿਰ ਲੀਨ ਰਹਿੰਦੇ। ਇਨ੍ਹਾਂ ਲਈ ਇਕ ਵੱਖਰੀ ਗੁਫ਼ਾ ਬਣਵਾਈ ਤੇ ਨਾਲ ਹੀ ਇਕ ਛੋਟੀ ਜਿਹੀ ਖੂਹੀ ਭੀ ਲੁਆ ਦਿੱਤੀ ਸੀ। ਇਸ ਦੇ ਦੁਆਲੇ ਚਾਰ-ਦੀਵਾਰੀ ਭੀ ਕਰਾ ਦਿੱਤੀ ਤਾਂ ਕਿ ਹਰ ਕੋਈ ਇਧਰ ਆ ਸਕੇ। ਇਸੇ ਤਰ੍ਹਾਂ ਮਹਾਨ ਵਿਦਵਾਨ ਪਰਮ ਪੂਜਯ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਵਾਸਤੇ ਵੀ ਇਕ ਵੱਖਰਾ ਸੁੰਦਰ ਕਮਰਾ ਬਣਾ ਦਿੱਤਾ। ਜਦੋਂ ਉਹ ਮੁਰਾਲੇ ਡੇਰੇ ਆਉਂਦੇ ਤਾਂ ਇਸ ਕਮਰੇ ਵਿਚ ਰਿਹਾਇਸ਼ ਰੱਖਦੇ। ਇਕਾਂਤ ਬੈਠ ਕੇ ਭਜਨ ਸਿਮਰਨ ਕਰਦੇ ਤੇ ਵਿਦਿਆਰਥੀਆਂ ਨੂੰ ਵਿਦਿਆ ਦੇਣ ਦੀ ਕਿਰਪਾਲਤਾ ਕਰਦੇ। ਸੰਤ ਬਾਬਾ ਪ੍ਰੇਮ ਸਿੰਘ ਜੀ ਪਹਿਲੇ ਬਣੀ ਗੁਫ਼ਾ ਵਿਚ ਅਤੇ ਇਕ ਪੁਰਾਣੇ ਚੁਬਾਰੇ ਵਿਚ ਰਿਹਾਇਸ਼ ਰੱਖਦੇ ਸਨ ਪਰ ਰਾਜਸੀ ਸੱਤਾ ਵਿਚ ਆਉਣ ਸਮੇਂ ਬਾਗ ਵਿਚ ਕੋਠੀ ਬਣਾਈ, ਜਿਸ ਵਿਚ ਆਪ ਰਿਹਾਇਸ਼ ਰੱਖਦੇ ਸਨ। ਇਕ ਨਵਾਂ ਬਹੁਤ ਵੱਡਾ ਲੰਗਰ ਭੀ ਆਪ ਜੀ ਨੇ ਬਣਾਇਆ। ਇਸ ਡੇਰੇ ਦਾ ਰਕਬਾ ਚਾਰ ਦੀਵਾਰੀ ਦੇ ਅੰਦਰ ਲਗਭਗ ਤਿੰਨ ਚਾਰ ਏਕੜ ਹੋਵੇਗਾ। ਜਿਉਂ-ਜਿਉਂ ਸੰਗਤਾਂ ਦੀ ਆਵਾਜਾਈ ਵਧੀ, ਬਾਹਰ ਸੰਗਤਾਂ ਵਿਚ ਕਥਾ ਕੀਰਤਨ ਰਾਹੀਂ ਪ੍ਰਚਾਰ ਕਰਨ ਜਾਂਦੇ, ਤਿਉਂ-ਤਿਉਂ ਡੇਰੇ ਦੀ ਆਮਦਨ ਵਿਚ ਭੀ ਕਾਫ਼ੀ ਵਾਧਾ ਹੋਇਆ ਸੀ।


## ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਸੰਤ ਪ੍ਰੇਮ ਸਿੰਘ ਜੀ

ਡਾ. ਜਸਵੰਤ ਸਿੰਘ

**ਇਕ ਵਿਧਾਨਕਾਰ ਦੇ ਤੌਰ ਤੇ** - ਇਕ ਵਿਧਾਨਕਾਰ ਦੇ ਤੌਰ ਤੇ ਸੰਤ ਪ੍ਰੇਮ ਸਿੰਘ ਜੀ ਦੀਆਂ ਪ੍ਰਾਪਤੀਆਂ ਬਹੁਤ ਹੀ ਸ਼ਲਾਘਾਯੋਗ ਸਨ। ਉਹ ਇਕ ਬਹੁਤ ਹੀ ਪ੍ਰਭਾਵਸ਼ਾਲੀ ਵਿਧਾਨਕਾਰ ਸਨ, ਜਿਨ੍ਹਾਂ ਨੇ ਆਪਣੇ ਵਿਧਾਨ ਸਭਾਹਲਕੇ ਦੇ ਲੋਕਾਂ ਅਤੇ ਲੁਬਾਣਾ ਬਰਾਦਰੀ ਦੀ ਹਰ ਮੰਗ ਨੂੰ ਪੂਰਾ ਕਰਾਉਣ ਲਈ ਲਗਾਤਾਰ ਯਤਨ ਜਾਰੀ ਰੱਖੇ ਤੇ ਆਪਣੇ ਯਤਨਾਂ ਵਿਚ ਉਹ ਪੂਰੀ ਤਰ੍ਹਾਂ ਸਫਲ ਹੋਏ। ਉਹ ਇਕ ਬਹੁਤ ਹੀ ਮਹਾਨ ਅਤੇ ਅਦੁੱਤੀ ਸ਼ਖ਼ਸੀਅਤ ਦੇ ਮਾਲਕ ਸਨ ਜਿਨ੍ਹਾਂ ਨੇ ਆਪਣੇ ਪ੍ਰਭਾਵ ਕਰਕੇ ਇਲਾਕੇ ਦੇ ਸਾਰੇ ਕੰਮ ਸਿਰੇ ਚਾੜ੍ਹੇ।

ਭਾਰਤ ਸਰਕਾਰ ਦੇ 1935 ਈ. ਦੇ ਐਕਟ ਅਨੁਸਾਰ ਪੰਜਾਬ ਵਿਚ ਸਵੈ-ਸ਼ਾਸ਼ਨ ਦੀ ਵਿਵਸਥਾ ਲਾਗੂ ਕੀਤੀ ਗਈ। ਪੰਜਾਬ ਵਿਧਾਨ ਸਭਾ ਦੇ ਅਣਵੰਡੇ ਪੰਜਾਬ ਵਿਚ ਕੁੱਲ 175 ਮੈਂਬਰ ਸਨ। ਇਸ ਦੀ ਪਹਿਲੀ ਚੋਣ ਫਰਵਰੀ 1937 ਈ. ਵਿਚ ਹੋਈ। ਸੰਤ ਪ੍ਰੇਮ ਸਿੰਘ ਜੀ ਪੰਜਾਬ ਦੀ ਰਾਜਨੀਤੀ ਵਿਚ ਪੂਰੀ ਰੁਚੀ ਲੈ ਰਹੇ ਸਨ। ਉਨ੍ਹਾਂ ਦਾ ਸਿੱਖਾਂ ਦੀ ਪ੍ਰਤੀਨਿਧ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਬਹੁਤ ਨੇੜੇ ਦਾ ਸਬੰਧ ਸੀ। ਇਸ ਕਰਕੇ ਉਹਨਾਂ ਨੇ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਦਾ ਪੂਰਾ ਸਾਥ ਦਿੱਤਾ। 10 ਮਾਰਚ 1934 ਈ. ਨੂੰ ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਜਨਰਲ ਇਕੱਤਰਤਾ ਹੋਈ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਕੰਮਾਂ ਦੀ ਪ੍ਰਸ਼ੰਸ਼ਾ ਦੇ ਸਬੰਧ ਵਿਚ ਸ. ਹਰਨਾਮ ਸਿੰਘ ਜੀ ਐਡਵੋਕੇਟ ਦੀ ਤਜਵੀਜ਼ ਅਤੇ ਸੰਤ ਪ੍ਰੇਮ ਸਿੰਘ ਜੀ ਮੁਰਾਲਾ ਦੀ ਤਾਈਦ ਨਾਲ ਹੇਠ ਲਿਖਿਆ ਮਤਾ ਪਾਸ ਹੋਇਆ। "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਸਮਾਗਮ ਸ਼੍ਰੋਮਣੀ ਅਕਾਲੀ ਦਲ ਉੱਤੇ ਪੂਰਨ ਭਰੋਸਾ ਕਰਦਾ ਹੈ ਕਿਉਂਕਿ ਉਕਤ ਦਲ ਹੀ ਗੁਰਦੁਆਰਾ ਸੁਧਾਰ ਲਹਿਰ ਦੇ ਆਰੰਭ ਤੋਂ ਲੈ ਕੇ ਅੱਜ ਤੱਕ ਪੂਰਨ ਕੁਰਬਾਨੀ ਅਤੇ ਪੰਥਕ ਮਰਯਾਦਾ ਅਨੁਸਾਰ ਹਰ ਪ੍ਰਕਾਰ ਦੀ ਸੇਵਾ ਕਰਦਾ ਰਿਹਾ ਹੈ। ਇਸ ਇਜਲਾਸ ਦੀ ਨਿਗਾਹ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਤੇ ਕੋਈ ਹੋਰ ਥਾ ਖੜ੍ਹਾ ਕਰਨਾ ਪੰਥਕ ਲਾਭ ਦੇ ਖਿਲਾਫ ਅਤੇ ਜਥੇਬੰਦੀ ਲਈ ਹਾਨੀਕਾਰਕ ਹੈ।" ਜ਼ਿਲ੍ਹਾ ਸਰਗੋਧਾ, ਜਲੰਧਰ, ਲਾਇਲਪੁਰ, ਲਾਹੌਰ, ਲੁਧਿਆਣਾ, ਅੰਬਾਲਾ, ਸ਼ੇਖੂਪੁਰਾ, ਗੁਰਦਾਸਪੁਰ, ਹਿਸਾਰ, ਫਿਰੋਜ਼ਪੁਰ ਤੇ ਅੰਮ੍ਰਿਤਸਰ ਦੇ ਕਈ ਮੈਂਬਰਾਂ ਨੇ ਇਸ ਮਤੇ ਦੀ ਪ੍ਰੋੜਤਾ ਕੀਤੀ ਤੇ ਇਹ ਗੁਰਮਤਾ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ।

ਮਾਸਟਰ ਤਾਰਾ ਸਿੰਘ ਜੀ ਸੰਤ ਪ੍ਰੇਮ ਸਿੰਘ ਜੀ ਦੀ ਬਹੁਤ ਇੱਜ਼ਤ ਕਰਦੇ ਸਨ। ਇਸ ਕਰਕੇ ਹੀ ਸ਼੍ਰੋਮਣੀ ਅਕਾਲੀ ਦਲ 1926 ਈ. ਤੋਂ ਲਗਾਤਾਰ ਸੰਤ ਪ੍ਰੇਮ ਸਿੰਘ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਆਪਣੇ ਉਮੀਦਵਾਰ ਵਜੋਂ ਚੋਣ ਲੜਾਉਂਦਾ ਆ ਰਿਹਾ ਸੀ। ਉਹ ਗੁਜਰਾਤ ਹਲਕੇ ਤੋਂ ਲਗਾਤਾਰ ਸ਼ਾਨਦਾਰ ਜਿੱਤ ਪ੍ਰਾਪਤ ਕਰ ਰਹੇ ਸਨ।

ਭਾਰਤ ਸਰਕਾਰ ਦੇ 1935 ਈ. ਦੀ ਐਕਟ ਤਹਿਤ ਹੀ ਪੰਜਾਬ ਵਿਧਾਨ ਸਭਾ ਦੀਆਂ ਪਹਿਲੀਆਂ ਚੋਣਾਂ ਫਰਵਰੀ 1937 ਈ. ਵਿਚ ਹੋਈਆਂ। ਬਰਾਦਰੀ ਦੇ ਹਿੱਤਾਂ ਦੀ ਪੂਰਤੀ ਅਤੇ ਹਿੱਤਾਂ ਨੂੰ ਬੜ੍ਹਾਵਾ ਦੇਣ ਲਈ ਸੰਤ ਪ੍ਰੇਮ ਸਿੰਘ ਜੀ ਮੁਰਾਲਾ ਰਾਜਨੀਤਕ ਮੈਦਾਨ ਵਿਚ ਨਿਤਰੇ। ਉਹਨਾਂ ਨੂੰ



ਸ਼੍ਰੋਮਣੀ ਅਕਾਲੀ ਦਲ ਵੱਲੋਂ ਹੀ ਗੁਜਰਾਤ ਅਤੇ ਸ਼ਾਹਪੁਰ ਸਿੱਖ ਪੇਂਡੂ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ ਗਿਆ। ਉਹਨਾਂ ਦੇ ਵਿਧਾਨ ਸਭਾ ਹਲਕੇ ਦਾ 144 ਨੰਬਰ ਸੀ। ਉਹਨਾਂ ਨੇ ਆਪਣੇ ਵਿਰੋਧੀ ਖ਼ਾਲਸਾ ਨੈਸ਼ਲਿਸਟ ਪਾਰਟੀ ਦੇ ਉਮੀਦਵਾਰ ਸ. ਹਰਬੰਸ ਸਿੰਘ ਨੂੰ 3281 ਵੋਟਾਂ ਦੇ ਬਹੁਤ ਵੱਡੇ ਫਰਕ ਨਾਲ ਹਰਾਇਆ ਕਿਉਂਕਿ ਉਸ ਸਮੇਂ ਵੋਟ ਦੇਣ ਦਾ ਅਧਿਕਾਰ ਕੇਵਲ 10 ਤੋਂ 15 ਪ੍ਰਤੀਸ਼ਤ ਲੋਕਾਂ ਨੂੰ ਹੀ ਸੀ। ਸੰਤ ਪ੍ਰੇਮ ਸਿੰਘ ਜੀ ਸ਼੍ਰੋਮਣੀ ਅਕਾਲੀ ਦਲ ਦੇ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ 10 ਮੈਂਬਰਾਂ ਵਿਚੋਂ ਇਕ ਸਨ।

ਇਨ੍ਹਾਂ ਚੋਣਾਂ ਦੌਰਾਨ ਸੰਤ ਪ੍ਰੇਮ ਸਿੰਘ ਜੀ ਨੇ ਦੂਜੇ ਪੰਥਕ ਉਮੀਦਵਾਰਾਂ ਦਾ ਪੂਰਾ ਸਾਥ ਦਿੱਤਾ। ਹਲਕਾ ਨੰਬਰ 142 ਗੁਜਰਾਂਵਾਲਾ ਅਤੇ ਸ਼ਾਹਦਰਾ ਪੇਂਡੂ ਸਿੱਖ ਹਲਕੇ, ਜਿੱਥੇ ਲੁਬਾਣਾ ਬਰਾਦਰੀ ਵੱਡੀ ਗਿਣਤੀ ਵਿਚ ਰਹਿ ਰਹੀ ਸੀ, ਤੋਂ ਸ. ਜੋਗਿੰਦਰ ਸਿੰਘ ਮਾਨ ਨੂੰ ਵੋਟਾਂ ਪੁਆ ਕੇ ਜਿਤਾਇਆ। ਸ. ਜੋਗਿੰਦਰ ਸਿੰਘ ਮਾਨ ਨੂੰ 8,514 ਵੋਟ ਪਏ ਜਦੋਂ ਕਿ ਉਨ੍ਹਾਂ ਦੇ ਵਿਰੋਧੀ ਅਜ਼ਾਦ ਉਮੀਦਵਾਰ ਨੂੰ 5,739 ਵੋਟ ਪਏ। ਇਸੇ ਤਰ੍ਹਾਂ ਮੁਲਤਾਨ ਡਵੀਜ਼ਨ ਵਿਚ ਸੰਤ ਪ੍ਰੇਮ ਸਿੰਘ ਜੀ ਦੀ ਪ੍ਰੇਰਨਾ ਕਰਕੇ ਲੁਬਾਣਾ ਬਰਾਦਰੀ ਨੇ ਦੱਖਣ-ਪੱਛਮੀ ਪੰਜਾਬ ਦੇ ਸਿੱਖ ਪੇਂਡੂ ਹਲਕਾ ਨੰਬਰ 149 ਤੇ ਆਪਣੇ ਵੋਟ ਸ. ਅਜੀਤ ਸਿੰਘ ਨੂੰ ਪਾਏ। ਸ. ਅਜੀਤ ਸਿੰਘ ਨੇ ਆਪਣੇ ਵਿਰੋਧੀ ਕਾਂਗਰਸ ਪਾਰਟੀ ਦੇ ਉਮੀਦਵਾਰ ਡਾ. ਪ੍ਰਦੂਮਣ ਸਿੰਘ ਨੂੰ ਹਰਾਇਆ।

ਸੰਤ ਪ੍ਰੇਮ ਸਿੰਘ ਜੀ ਦੇ ਐਮ.ਐਲ.ਏ. ਬਣਨ ਤੇ ਸਰਕਾਰੀ ਤੌਰ ਤੇ ਐਲਾਨ No. 671-in accordance with the provision of rule 14 of chapet VII of part C of the Punjab Legistative Assembly electoral rules 1936 the Names of the following Candidates who have been

decided to be elected as member of Punjab Legislative Assembly by the constituencies mentioned opposite their respective name are hereby published :-

Sr. No. Name of Constituency
Name of Candidates
142, Gujrat Shahpur
Sikh Rural Mahant Prem Singh Lubana,
Pujari Dharamsalia, Village Murala,
Post Office Jindanwal, Tahsil Kharian,
Distt. Gujrat

Prem Singh Mahant, a Candidate for election to the Gujrat and Shahpur (Sikh rural) Constituency of the Punjab Legislative Assembly, has this day, the 17th of March 1937, lodged his return of election expenses and the declarations required in respect their of. They can be inspected at 11 a.m. to 3 p.m. on 31st March 1937, in Deputy Commissioner Court Shahpur District.

ਸੰਤ ਪ੍ਰੇਮ ਸਿੰਘ ਜੀ ਪੰਜਾਬ ਦੀ ਪਹਿਲੀ ਵਿਧਾਨ ਸਭਾ ਦੇ ਪਹਿਲੇ ਇਜਲਾਸ ਵਿਚ 5 ਅਪ੍ਰੈਲ 1937 ਈ. ਦਿਨ ਸੋਮਵਾਰ ਨੂੰ ਹਾਜ਼ਰ ਹੋਏ। ਉਹ ਗੁਜਰਾਤ ਅਤੇ ਸਰਗੋਧੇ ਜ਼ਿਲ੍ਹੇ ਦੇ ਥੰਮ ਸਨ।

ੴ ਸਤਿਗੁਰ ਪ੍ਰਸਾਦਿ!

Ph.: 01731-283014, 286771 M.: 94670-80755

**SANT MOHAN SINGH KHALSA LABANA GIRLS COLLEGE**

BARARA (Distt. Ambala) -133 201
("A" Grade, NAAC Accredited)

E-mail:- smskhalsacollege@gmail.com, Website:- www.smskhalsalabanacollege.org

**File No : SMS/31/DO** **Dated : 28.05.2020**

Respected Sir,

I, on behalf of Management and staff of the college extend my heartfelt thanks to you for payment of final installment of scholarship to our 12 deserve students. Really this financial support will boost the morale of our students and will help to complete their degree. Receipts obtained from these students are enclosed.

I look forward to your support in future also. I also pray the ALMIGHTY for your good health, long and prosperous life.

With warm regards.

Yours sincerely,

**Principal**
Principal
...a Labana Girls College
Barara (Ambala)

Honourable President
Baba Makhan Shah Lobana Foundation (Regd)
Sector 30-A,
Chandigarh - 160030

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ


## ਮਾਰਚ-ਮਈ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

**1. ਪ੍ਰਧਾਨ ਦੀ ਚੋਣ** :- ਫਰਵਰੀ ਮਹੀਨੇ ਵਿੱਚ ਹੋਈ ਕਾਰਜਕਰਨੀ ਕਮੇਟੀ ਦੀ ਮੀਟਿੰਗ ਵਿੱਚ ਇਲੈਕਸ਼ਨ ਕਮੇਟੀ ਦੀ ਚੋਣ ਕਰ ਦਿੱਤੀ ਗਈ ਸੀ ਅਤੇ ਕਮੇਟੀ ਨੂੰ ਹਦਾਇਤਾ ਸੀ ਕਿ 31 ਮਾਰਚ ਤੋਂ ਪਹਿਲਾ ਪ੍ਰਧਾਨ ਦੀ ਚੋਣ ਕਰਵਾ ਦਿੱਤੀ ਜਾਵੇ। ਪਰ ਕੋਵਿਡ-19 ਮਹਾਮਾਰੀ ਕਾਰਨ ਮਾਰਚ ਮਹੀਨੇ ਵਿੱਚ ਭਾਰਤ ਵਿੱਚ ਲਾਕ ਡਾਊਨ ਲੱਗ ਗਿਆ ਅਤੇ ਇਸ ਮਹਾਂਮਾਰੀ ਦਾ ਪ੍ਰਕੋਪ ਬਹੁਤ ਵੱਧ ਗਿਆ ਹੁਣ ਤੱਕ ਵੀ ਸਾਰੀ ਦੁਨੀਆ ਵਿੱਚ ਹੀ ਇਸ ਮਹਾਂਮਾਰੀ ਦਾ ਪ੍ਰਕੋਪ ਚਲ ਰਿਹਾ ਹੈ। ਚੋਣ ਕਮੇਟੀ ਵਲੋਂ ਨੋਮੀਨੇਸ਼ਨ ਭਰਨ ਦੀ ਮਿਤੀ ਨਿਯਤ ਕਰ ਦਿੱਤੀ ਗਈ ਸੀ ਪ੍ਰਧਾਨ ਦੀ ਚੋਣ ਵਾਸਤੇ 6 ਮੈਬਰਾਂ ਨੇ ਫਾਰਮ ਭਰੇ ਸਨ। 09-03-2020 ਨੂੰ ਚੋਣ ਕਮੇਟੀ ਨੇ ਸਭ ਫਾਰਮ ਮੰਨ ਲਏ ਸਨ ਅਤੇ ਫੈਸਲਾ ਕੀਤਾ ਸੀ ਕਿ ਆਮ ਰਾਏ ਵਾਸਤੇ ਸਭ ਮੈਬਰਾਂ ਦੇ ਵਿਚਾਰ ਲਏ ਜਾਣਗੇ ਅਤੇ ਕੋਸ਼ਿਸ਼ ਕੀਤੀ ਜਾਵੇਗੀ ਕਿ ਚੋਣ ਆਮ ਸਹਿਮਤੀ ਨਾਲ ਹੀ ਹੋ ਜਾਵੇ। ਆਮ ਸਹਿਮਤੀ ਬਾਰੇ 17-03-2020 ਨੂੰ ਵੀ ਮੀਟਿੰਗ ਕੀਤੀ ਗਈ ਜਿਸ ਵਿੱਚ ਸਭ ਮੈਬਰਾਂ ਨੂੰ ਆਮ ਸਹਿਮਤੀ ਬਾਰੇ ਬੇਨਤੀ ਕੀਤੀ ਗਈ ਸਭ ਮੈਬਰਾਂ ਨੂੰ ਸਹਿਯੋਗ ਦੇਣ ਵਾਸਤੇ ਕਿਹਾ ਪਰ ਸ. ਹਰਬੰਸ ਸਿੰਘ ਜੀ ਮੀਟਿੰਗ ਵਿਚ ਲੇਟ ਆਏ ਚੇਅਰਮੈਨ ਅਤੇ ਕਮੇਟੀ ਮੈਬਰਾਂ ਨੂੰ ਵਿਸ਼ ਕਰਨ ਤੋਂ ਬਿਨਾ ਹੀ ਆ ਕੇ ਬੈਠ ਗਏ ਜਿਸ ਤੇ ਕਿਸੇ ਨੇ ਵੀ ਠੀਕ ਨਹੀ ਸਮਝਿਆ ਅਤੇ ਕੁਝ ਸਮੇਂ ਬਾਅਦ ਉਚੀ ਅਵਾਜ਼ ਵਿੱਚ ਬੁਰੇ ਸ਼ਬਦ ਬੋਲ ਕੇ ਬਾਹਰ ਨਿੱਕਲ ਗਏ। ਹਾਲਾਤਾਂ ਨੂੰ ਮੁੱਖ ਰੱਖਦਿਆ ਅਗਲੀ ਮੀਟਿੰਗ 07-06-2020 ਨੂੰ ਬੁਲਾਈ ਗਈ ਹੈ, ਜਿਸ ਵਿੱਚ ਇਲੈਕਸ਼ਨ ਕਮੇਟੀ ਦੇ ਮੈਂਬਰ, ਸਭ ਉਮੀਦਵਾਰਾਂ ਵੱਲੋਂ ਦੋ-ਦੋ ਸੀਨੀਅਰ ਮੈਂਬਰ ਬੁਲਾਏ ਜਾਣਗੇ। ਉਮੀਦ ਹੈ ਕਿ ਇਸ ਮੀਟਿੰਗ ਵਿੱਚ ਕੋਈ ਹਲ ਹੋ ਸਕੇਗਾ।

**2. ਫਾਉਂਡੇਸ਼ਨ ਵਲੋਂ ਲੰਗਰ ਦੀ ਸੇਵਾ** :- ਇਸ ਮਹਾਂਮਾਰੀ ਦੌਰਾਨ ਸਮਾਜ ਦੇ ਕੁਝ ਲੋਕਾਂ ਨੂੰ ਭੁਖਮਾਰੀ ਤੋਂ ਦੂਰ ਰੱਖਣ ਲਈ ਫਾਉਂਡੇਸ਼ਨ ਦੀ ਮੈਨੇਜਮੈਂਟ ਨੇ ਕਲੋਨੀਆ ਵਿੱਚ ਲੰਗਰ ਦੀ ਸੇਵਾ ਕਰਨ ਦਾ ਫੈਸਲਾ ਲਿਆ ਸੀ। ਇਹ ਲੰਗਰ ਭਵਨ ਦੀ ਕੰਨਟੀਨ ਵਿੱਚ ਤਿਆਰ ਕੀਤਾ ਜਾਂਦਾ ਸੀ ਅਤੇ ਲੋਕਲ ਪੁਲੀਸ ਦੇ ਐਸ.ਐਚ.ਓ. ਸਹਿਬ ਦੀ ਸਹਾਇਤਾ ਨਾਲ ਕਲੋਨੀ ਨੰ. 3 ਅਤੇ 4 ਵਿੱਚ ਵਰਤਾਇਆ ਜਾਂਦਾ ਸੀ। ਇਹ ਲੰਗਰ ਤਕਰੀਬਨ 200 ਤੋਂ ਵੱਧ ਲੋਕਾਂ ਦੇ ਵਿੱਚ ਵਰਤਾਇਆ ਜਾਂਦਾ ਸੀ। ਇਹ ਲੰਗਰ ਦੀ ਸੇਵਾ 10-04-2020 ਤੋਂ 15-04-2020 ਤੱਕ ਕੀਤੀ ਗਈ ਸੀ। ਫਾਉਂਡੇਸ਼ਨ ਦੇ ਖਰਚੇ ਤੋਂ ਇਲਾਵਾ ਕੁਝ ਸੱਜਣਾਂ ਨੇ ਵੀ ਆਪਣੀ ਸੇਵਾ ਪਾਈ ਸੀ।

| | | |
|---|---|---|
| 1) | ਪੰਡਿਤ ਰਾਮ ਕੁਮਾਰ ਜੀ | 1100/- |
| 2) | ਸ. ਜਾਗੀਰ ਸਿੰਘ ਲਾਲੀਆ (ਪ੍ਰਧਾਨ) | 2000/- |
| 3) | ਸ. ਬਲਵਿੰਦਰ ਸਿੰਘ ਮੁਲਤਾਨੀ (ਮੀਤ ਪ੍ਰਧਾਨ) | 2000/- |
| 4) | ਸ. ਅਮਰਜੀਤ ਸਿੰਘ (ਜਨਰਲ ਸਕੱਤਰ) | 2000/- |
| 5) | ਸ. ਰਵਿੰਦਰ ਸਿੰਘ (ਸਕੱਤਰ) | 1000/- |
| 6) | ਸ. ਗਿਆਨ ਸਿੰਘ ਮੁਲਤਾਨੀ | 5100/- |

















3. **ਫਾਉਂਡੇਸ਼ਨ ਡੇ** :- 27 ਅਪ੍ਰੈਲ 2020 ਨੂੰ ਫਾਉਂਡੇਸ਼ਨ ਡੇ ਹਰ ਸਾਲ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਸਾਲ ਕੋਵਿਡ-19 ਮਹਾਂਮਾਰੀ ਕਾਰਨ ਧੂਮ-ਧਾਮ ਨਾਲ ਮਨਾਉਣਾ ਔਖਾ ਹੋ ਗਿਆ ਸੀ। ਮੈਨੇਜਮੈਂਟ ਦੇ ਲੋਕਲ ਅਹੁਦੇਦਾਰਾਂ ਨੇ 27-04-2020 ਵਾਲੇ ਦਿਨ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਕੇ 45 ਫਾਉਂਡੇਸ਼ਨ ਡੇ ਮਨਾਇਆ ਉਪਰੰਤ ਸੁਖਮਨੀ ਸਾਹਿਬ ਦਾ ਭੋਗ ਪਾ ਕੇ ਭਵਨ ਦੀ ਚੜ੍ਹਦੀ ਕਲਾਂ ਦੀ ਅਰਦਾਸ ਕੀਤੀ ਅਤੇ ਫਾਉਂਡੇਸ਼ਨ ਡੇ ਦੀਆਂ ਖੁਸ਼ੀਆ ਸਾਂਝੀਆ ਕੀਤੀਆ। ਅਰਦਾਸ ਉਪਰੰਤ ਕੜਾਹ-ਪ੍ਰਸ਼ਾਦ ਵੰਡ ਕੇ ਚਾਹ ਦਾ ਲੰਗਰ ਵਰਤਾਇਆ ਗਿਆ। ਪ੍ਰਧਾਨ ਜੀ ਨੇ ਸਭ ਹਾਜ਼ਰ ਮੈਂਬਰਾਂ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਅਤੇ ਸਾਰੀ ਕੌਮ ਨੂੰ ਇਸ ਮਹਾਂਮਾਰੀ ਤੋਂ ਬਚਾ ਕਿ ਰੱਖਣ ਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਬੇਨਤੀ ਕੀਤੀ।

**4. ਪ੍ਰਧਾਨ ਜੀ ਵਲੋਂ ਦਾਨੀ ਸੱਜਣਾਂ ਨੂੰ ਅਪੀਲ** :- ਇਸ ਮਹਾਂਮਾਰੀ ਦੇ ਸਮੇਂ ਦੌਰਾਨ ਭਵਨ ਦੀ ਆਮਦਨ ਵਿੱਚ ਰੁਕਾਵਟ ਕਾਰਨ ਪ੍ਰਧਾਨ ਜੀ ਨੇ ਸਭ ਮੈਂਬਰਾਂ ਨੂੰ ਅਪੀਲ ਕੀਤੀ ਸੀ ਕਿ ਮਾਰਚ ਤੋਂ ਭਵਨ ਦੀ ਕੋਈ ਆਮਦਨ ਨਹੀਂ ਆ ਰਹੀ ਅਤੇ ਇਹ ਹਾਲਤ ਦਸੰਬਰ ਤੱਕ ਚਲ ਸਕਦੇ ਹਨ। ਭਵਨ ਦਾ ਹਰ ਮਹੀਨੇ ਦਾ ਖਰਚ 2-3 ਲੱਖ ਰੁਪਏ ਚੱਲ ਰਿਹਾ ਹੈ। ਇਸ ਭਵਨ ਦੀ ਵਿੱਤੀ ਹਾਲਤ ਭਾਵੇਂ ਬਹੁਤ ਵਧੀਆ ਹੈ ਕਿਉਂਕਿ ਮਾਰਚ ਦੀ ਸਮਾਪਤੀ ਸਮੇਂ ਤਕਰੀਬਨ 34-35 ਲੱਖ ਰੁਪਏ ਬੈਂਕਾਂ ਵਿੱਚ ਪਿਆ ਹੈ। ਇਹ ਸੋਚ ਰੱਖੀ ਗਈ ਸੀ ਕਿ ਇਹ ਰਿਜ਼ਰਵ ਫੰਡ ਬਚਾ ਲਿਆ ਜਾਵੇ ਅਤੇ ਦਾਨ ਦੀ ਅਪੀਲ ਕੀਤੀ ਜਾਵੇ। ਇਸ ਅਪੀਲ ਕਾਰਨ ਕੁਝ ਦਾਨੀ ਸੱਜਣਾਂ ਨੇ ਦਾਨ ਕਰਕੇ ਆਪਣੀ ਕਮਾਈ ਸਫਲ ਕੀਤੀ ਹੈ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਅਸੀਸਾਂ ਪ੍ਰਾਪਤ ਕੀਤੀਆ ਹਨ। ਇਕ ਮਹੀਨੇ ਵਿਚ ਤਕਰੀਬਨ 50-60 ਹਜ਼ਾਰ ਦਾ ਦਾਨ ਆ ਚੁੱਕਾ ਹੈ। ਦਾਨੀ ਸੱਜਣਾਂ ਦੀ ਸੂਚੀ ਤਿਆਰ ਕਰਕੇ ਮੈਗਜ਼ੀਨ ਵਿੱਚ ਦਿੱਤੀ ਜਾਵੇਗੀ। ਕੁਝ ਮੈਬਰਾਂ ਨੇ ਇਤਰਾਜ ਕੀਤਾ ਜੋ ਕਿ ਠੀਕ ਨਹੀ ਸੀ, ਕਿਉਂਕਿ ਇਸ ਭਵਨ ਦੀ ਹੋਂਦ ਹੀ ਦਾਨੀ ਸੱਜਣਾਂ ਕਰਕੇ ਹੋਈ ਸੀ ਅਤੇ ਦਾਨੀ ਸੱਜਣਾਂ ਕਰਕੇ ਹੀ ਇਸ ਹਾਲਾਤ ਵਿੱਚ ਪਹੁੰਚਿਆ ਹੈ। ਭਵਨ ਦੀ ਮੈਨੇਜਮੈਂਟ ਉਹ ਮੈਂਬਰ ਜਿੰਨਾਂ ਨੇ ਅਪੀਲ ਨੂੰ ਮੁੱਖ ਰੱਖਦਿਆਂ ਦਾਨ ਕੀਤਾ ਹੈ ਬਹੁਤ ਧੰਨਵਾਦ ਕਰਦੀ ਹੈ, ਅਤੇ ਅਰਦਾਸ ਕਰਦੀ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਸਭ ਦੀ ਕਮਾਈ ਸਫਲ ਕਰੇ ਅਤੇ ਜਿੰਨ੍ਹਾ ਮੈਂਬਰਾਂ ਨੇ ਇਤਰਾਜ ਕੀਤਾ ਹੈ ਉਨ੍ਹਾਂ ਨੂੰ ਪ੍ਰਮਾਤਮਾ ਸਮੱਤ ਬਖਸ਼ੇ।

**5. ਯੂਨੀਵਰਸਿਟੀ ਦੀ ਰਿਜ਼ਰਵਰੇਸ਼ਨ ਬਾਰੇ** :- ਫਰਵਰੀ ਦੀ ਸੁਣਵਾਈ ਤੋਂ ਬਾਅਦ ਅਗਲੀ ਸੁਣਵਾਈ ਨਹੀਂ ਹੋ ਸਕੀ ਅਤੇ ਅਗਲੀ ਸੁਣਵਾਈ ਦਾ ਅੱਜ-ਕੱਲ ਦੇ ਹਾਲਾਤ ਦੇਖ ਕੇ ਕੁਝ ਨਹੀਂ ਕਿਹਾ ਜਾ ਸਕਦਾ। ਉਮੀਦ ਹੈ ਅਗਲੀ ਸੁਣਵਾਈ ਜਦੋਂ ਵੀ ਹੋਈ ਸਾਡੇ ਹੱਕ ਵਿੱਚ ਹੀ ਹੋਵੇਗੀ ਅਤੇ 200 ਸੀਟਾਂ ਦਾ ਲਾਭ ਕੌਮ ਨੂੰ ਹੋ ਸਕੇਗਾ।

**6. ਸੋਲਰ ਸਿਸਟਮ** :- ਸੋਲਰ ਸਿਸਟਮ ਦੀ ਪ੍ਰੋਗਰੈਸ ਰੋਜ਼ ਹੀ ਨੋਟ ਕੀਤੀ ਜਾ ਰਹੀ ਹੈ। ਹਰ ਰੋਜ਼ ਤਕਰੀਬਨ 200 ਯੂਨਿਟ ਦੀ ਪ੍ਰੋਡਕਸ਼ਨ ਹੋ ਰਹੀ ਹੈ। ਬਿਜਲੀ ਦੇ ਬਿਲ ਵਿੱਚ ਤਕਰੀਬਨ 50,000/- ਰੁਪਏ ਦਾ ਹਰ ਮਹੀਨੇ ਲਾਭ ਹੋ ਰਿਹਾ ਹੈ। ਇਲੈਕਟ੍ਰਿਸ਼ਨ ਹਰ ਰੋਜ਼ ਦੀ ਪ੍ਰੋਡਕਸ਼ਨ ਨੋਟ ਕਰਦਾ ਹੈ ਅਤੇ ਹਰ ਹਫਤੇ ਮੈਨੇਜਮੈਂਟ ਨੂੰ ਦਿਖਾਉਂਦਾ ਹੈ।

**7. ਸਮਾਜ ਸੁਧਾਰ ਬਾਰੇ** :- ਸਮਾਜ ਸੁਧਾਰ ਬਾਰੇ ਅੱਜ-ਕੱਲ ਦੇ ਹਾਲਤ ਕਾਰਨ ਮੀਟਿੰਗ ਨਹੀਂ ਹੋ ਸਕੀ ਜਦੋਂ ਵੀ ਹਾਲਾਤ ਠੀਕ ਹੋਏ ਮੀਟਿੰਗ ਬੁਲਾਈ ਜਾਵੇਗੀ ਅਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਅਗਲੀ ਮੀਟਿੰਗ ਤੋਂ ਬਾਅਦ ਹਰ ਜ਼ਿਲ੍ਹੇ ਵਿੱਚ ਸਬ ਕਮੇਟੀ ਬਣਾ ਕਿ ਸਮਾਜ ਸੁਧਾਰ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।

**(ੳ) ਮੈਡੀਕਲ ਵਿੰਗ ਬਾਰੇ** :- ਮੈਡੀਕਲ ਵਿੰਗ ਮਾਰਚ ਤੋਂ ਹੀ ਬੰਦ ਪਿਆ ਹੈ ਅਤੇ ਹਾਲਾਤ ਠੀਕ ਹੋਣ ਤੋਂ ਬਾਅਦ ਹੀ ਚਾਲੂ ਕੀਤਾ ਜਾਵੇਗਾ। ਭਵਨ ਦੀ ਐਬੂਲੈਂਸ ਵੀ ਨਰਾਇਨਗੜ੍ਹ ਵਿੱਚ ਹੀ ਖੜ੍ਹੀ ਹੈ ਇਸ ਕਰੋਪੀ ਕਾਰਨ ਕੋਈ ਗਤੀਵਿਧੀ ਨਹੀਂ ਹੋ ਰਹੀ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਸਿਖੀ ਸਿਖਿਆ ਗੁਰ ਵੀਚਾਰਿ ॥

ਸਾਡੀ ਜ਼ਿੰਦਗੀ ਦਾ ਅਹਿਮ ਪਹਿਲੂ ਹੈ- ਸਿੱਖਣਾ। ਮਨੁੱਖ ਜ਼ਿੰਦਗੀ ਦੇ ਹਰ ਪੜਾਅ 'ਤੇ ਸਿੱਖਦਾ ਹੈ, ਜੋ ਉਸ ਦੇ ਜੀਵਨ ਲਈ ਜ਼ਰੂਰੀ ਹੈ। ਪਰ ਬਹੁਤ ਵਾਰ ਸੰਸਾਰ ਦੇ ਅੰਦਰ ਵਿਚਰਦਿਆਂ ਹੋਇਆਂ ਅਸੀਂ ਉਹ ਵੀ ਸਿੱਖ ਲੈਂਦੇ ਹਾਂ ਜੋ ਸਾਡੇ ਲਈ ਲਾਹੇਵੰਦ ਨਹੀਂ ਹੁੰਦਾ ਸਗੋਂ ਸਾਡੇ ਜੀਵਨ ਨੂੰ ਖੁਆਰ ਕਰਦਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਹੈ ਸਾਡੇ ਕੋਲ ਗਿਆਨ ਤਾਂ ਹੈ ਪਰ ਬਿਬੇਕ ਬੁਧਿ ਨਹੀਂ।

ਵਿਸ਼ਵ ਭਰ ਦੇ ਧਾਰਮਕ ਆਗੂਆਂ ਨੇ ਇਹ ਸਮਝਾਇਆ ਕਿ ਜੀਵ ਦਾ ਮੁੱਢਲਾ ਕਾਰਜ ਹੈ : ਕਾਦਰ ਦੇ ਨਾਲ ਮਿਲਣਾ।

**ਭਈ ਪਰਾਪਤਿ ਮਾਨੁਖ ਦੇਹੁਰੀਆ ॥**

**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**

ਇਸ ਗੱਲ ਨੂੰ ਹੀ ਸਮਝਾਉਣ ਲਈ ਗੁਰੂ ਸਾਹਿਬ ਨੇ ਸਾਨੂੰ ਇਕ ਨਿਵੇਕਲਾ ਅਤੇ ਸਿੱਧਾ ਰਸਤਾ ਦਿੱਤਾ ਜਿਸ ਨੂੰ ਭਾਈ ਗੁਰਦਾਸ ਜੀ ਨੇ ਬਿਆਨ ਕੀਤਾ ਹੈ—

**ਮਾਰਿਆ ਸਿਕਾ ਜਗਤਿ੍ ਵਿਚਿ ਨਾਨਕ ਨਿਰਮਲ ਪੰਥ ਚਲਾਇਆ।**

ਨਿਰਮਲ ਪੰਥ ਭਾਵ ਉਹ ਰਸਤਾ ਜਿਹੜਾ ਪਖੰਡਾ ਦੀ ਮੈਲ, ਅਵਗੁਣਾ ਦੀ ਮੈਲ ਤੋਂ ਰਹਿਤ ਹੈ ਅਤੇ ਸਾਡੇ ਮਨ ਦੀ ਮੈਲ ਨੂੰ ਦੂਰ ਕਰ ਕੇ ਕਾਦਰ ਦੇ ਨਾਲ ਜੋੜਦਾ ਹੈ।


ਗਿਆਨੀ ਹਰਪ੍ਰੀਤ ਸਿੰਘ ਨਿਮਾਣਾ
80778-85195




ਸਤਿਗੁਰਾਂ ਨੇ ਸਾਨੂੰ ਸਚ ਧਰਮ ਦੇ ਨਾਲ ਜੋੜਿਆ ਜਿਸ ਦੇ ਨਾਲ ਅਸੀਂ ਚੰਗਾ ਸਮਾਜ ਸਿਰਜ ਸਕੀਏ

**ਸਗਲ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

ਕਿਉਂਕਿ ਜਿਹੜਾ ਧਰਮ ਚੰਗਾ ਸਮਾਜ ਨਹੀਂ ਸਿਰਜ ਸਕਦਾ ਉਸ ਧਰਮ ਦੀ ਸਮਾਜ ਨੂੰ ਕੋਈ ਲੋੜ ਨਹੀਂ ਹੁੰਦੀ।

ਇੱਕ ਗੱਲ ਸਾਡੇ ਖ਼ਾਸ ਧਿਆਨ ਦੇਣ ਯੋਗ ਹੈ ਕਿ ਜਿਵੇਂ ਸਮਾਜ ਦੇ ਕਿਸੇ ਡਾਕਟਰ ਦੇ ਘਰ ਜਨਮ ਲੈ ਕੇ ਕੋਈ ਡਾਕਟਰ ਨਹੀਂ ਬਣ ਜਾਂਦਾ, ਇੰਜੀਨੀਅਰ ਦੇ ਘਰ ਜਨਮ ਲੈ ਕੇ ਕੋਈ ਇੰਜੀਨੀਅਰ ਨਹੀਂ ਅਖਵਾ ਸਕਦਾ ਉਸੇ ਹੀ ਤਰ੍ਹਾਂ ਸਿੱਖ ਪਰਿਵਾਰ ਦੇ ਅੰਦਰ ਜਨਮ ਲੈ ਕੇ ਕੋਈ ਸਿੱਖ ਨਹੀਂ ਬਣ ਜਾਂਦਾ। ਜਿਵੇਂ ਡਾਕਟਰ ਜਾਂ ਇੰਜੀਨੀਅਰ ਬਣਨ ਲਈ ਸਾਨੂੰ ਆਪ ਮਿਹਨਤ ਕਰਨੀ ਪਵੇਗੀ ਉਂਞ ਹੀ ਸਿੱਖ ਬਣਨ ਲਈ ਸਾਨੂੰ ਆਪ ਮਿਹਨਤ ਕਰਨੀ ਪਵੇਗੀ ਕਿਉਂਕਿ ਸਿੱਖੀ ਦਿਖਾਈ ਨਹੀਂ ਕਮਾਈ ਜਾਂਦੀ ਹੈ। ਜਿਹੜਾ ਮਨੁੱਖ ਸਿੱਖੀ ਨੂੰ ਕਮਾ ਕੇ ਸਿੱਖ ਬਣ ਜਾਵੇ ਫੇਰ ਗੁਰੂ ਸਾਹਿਬ ਐਸੇ ਗੁਰ ਸਿੱਖ ਦੀ ਸੰਭਾਲ ਕਰਦੇ ਹਨ-

**ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ ॥**

ਪਰ ਇਹ ਸਮਝਣਾ ਵੀ ਜਰੂਰੀ ਹੈ ਕਿ ਸਿੱਖ ਕੋਣ ਹੈ?

ਕਿਉਂਕਿ ਹਰ ਕੋਈ ਸਿੱਖ ਨਹੀਂ ਹੋ ਸਕਦਾ। ਗੁਰੂ ਅਮਰਦਾਸ ਸਾਹਿਬ ਜੀ ਨੇ ਸਿੱਖ ਦੀ ਪਰਿਭਾਸ਼ਾ ਦਿੱਤੀ ਹੈ-

**ਸਿਖ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**

ਜਿਹੜਾ ਮਨੁੱਖ ਗੁਰੂ ਦੇ ਕੋਲੋਂ ਸਿੱਖ ਕੇ ਸਿਖੀ ਨੂੰ ਧਾਰਨ ਕਰੇਗਾ ਗੁਰੂ ਦੀ ਰਜ਼ਾ ਵਿੱਚ ਤੁਰੇਗਾ ਉਹ ਹੀ ਸਿੱਖ ਅਖਵਾ ਸਕਦਾ ਹੈ। ਗੁਰੂ ਦੇ ਕੋਲ ਆਉਂਦੇ ਬਹੁਤ ਹਨ ਪਰ ਕੋਈ ਵਿਰਲਾ ਹੀ ਗੁਰੂ ਦੀ ਸਿੱਖਿਆ ਨੂੰ ਧਾਰਨ ਕਰਦਾ ਹੈ -

**ਗੁਰ ਕੀ ਸਿਖ ਕੋ ਵਿਰਲਾ ਲੇਵੈ ॥**

ਗੁਰੂ ਰਾਮਦਾਸ ਸਾਹਿਬ ਸਮਝਾਉਂਦੇ ਹਨ ਕਿ ਗੁਰੂ ਕੋਲ ਆਉਂਦੇ ਬਹੁਤ ਹਨ, ਵਡਿਆਈਆਂ ਬਹੁਤ ਕਰਦੇ ਹਨ -

**ਸੇਵਕ ਸਿਖ ਪੂਜਣ ਸਭਿ ਆਵਹਿ,**

**ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥**

ਪਰ ਸਿਰਫ਼ ਇੰਨਾ ਕਰਨ ਦੇ ਨਾਲ ਗੁਰੂ ਦੀ ਬਖ਼ਸ਼ਿਸ਼ ਦੇ ਪਾਤਰ ਨਹੀਂ ਬਣ ਸਕਦੇ ਕਿਉਂਕਿ ਉਸ ਦੇ ਲਈ ਗੁਰੂ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ-

**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,**

**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ ॥**

ਨਹੀਂ ਤਾਂ ਸਿਰਫ਼ ਝੁਕ ਜਾਣਾ, ਮੱਥਾ ਟੇਕਣਾਂ ਬਿਨਾਂ ਗੁਰੂ ਹੁਕਮਾਂ ਨੂੰ ਮੰਨੇ ਕਿਸੇ ਲੇਖੇ ਨਹੀਂ ਲੱਗਦਾ ਯਥਾ-

**ਸੀਸਿ ਨਿਵਾਇਐ ਕਿਆ ਥੀਐ, ਜਾ ਰਿਦੈ ਕੁਸੁਧੇ ਜਾਹਿ ॥**

ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਗੁਰ ਸਿਖੀ ਬਰੀਕ ਹੈ ਅਤੇ ਅਲੂਣੀ ਸਿਲਾ ਦੇ ਚੱਟਣ ਵਾਂਗ ਪਹਿਲਾਂ ਫਿੱਕੀ ਲੱਗਦੀ ਹੈ, ਖੰਡੇ ਦੀ ਧਾਰ ਨਾਲੋਂ ਤਿੱਖੀ ਅਤੇ ਵਾਲ ਨਾਲੋਂ ਵੀ ਨਿੱਕੀ ਹੈ ਪਰ ਇਸ ਦੇ ਬਰਾਬਰ ਤਿੰਨ ਕਾਲਾਂ ਦੇ ਵਿੱਚ ਕੁਝ ਵੀ ਨਹੀਂ ਹੈ।

**ਗੁਰਸਿਖੀ ਬਾਰੀਕ ਹੈ ਸਿਲ ਚਟਣ ਫਿਕੀ ॥**

**ਤਿਖੀ ਖੰਡੇ ਧਾਰ ਹੈ ਉਹ ਵਾਲਹੁੰ ਨਿਕੀ ॥**

**ਭੂਹ ਭਵਿਖ ਨ ਵਰਤਮਾਨ ਸਰਿ ਮਿਕਣਿ ਮਿਕੀ।**

ਇਸ ਸਿੱਖੀ ਦੀ ਵਿਚਾਰਧਾਰਾ ਦੇ ਨਾਲ ਦਵੈਤ ਭਾਵ ਖ਼ਤਮ ਹੋ ਜਾਂਦਾ ਹੈ ਅਤੇ ਇੱਕ ਰੱਬ ਜੀ ਦੇ ਨਾਲ ਮਿਲ ਜਾਈਦਾ ਹੈ।

**ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।**

ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਈ ਦਾਨ ਸਿੰਘ ਬਰਾੜ ਨੇ ਬੇਨਤੀ ਕੀਤੀ ਕਿਰਪਾ ਕਰੋ ਸਿੱਖੀ ਦੀ ਦਾਤ ਬਖ਼ਸ਼ੋ ਤਾਂ ਗੁਰੂ ਸਾਹਿਬ ਨੇ ਭਾਈ ਦਾਨ ਸਿੰਘ ਨੂੰ ਹੁਕਮ ਕੀਤਾ, "ਅੱਜ ਤੋਂ ਕੇਸਾਂ ਦੀ ਸੰਭਾਲ ਕਰਨੀ ਹੈ, ਜਗਤ ਜੂਠ ਦਾ ਤਿਆਗ ਕਰਨਾ ਹੈ ਅਤੇ ਖੰਡੇ ਕੀ ਪਾਹੁਲ ਛਕਣੀ ਹੈ।" ਜਿਸ ਦਿਨ ਇਨ੍ਹਾਂ ਹੁਕਮਾਂ ਨੂੰ ਮੰਨ ਕੇ ਸਿੱਖੀ ਦੇ ਸਕੂਲ ਆ ਕੇ ਅੱਗੇ ਦੀ ਪੜ੍ਹਾਈ ਗੁਰੂ ਗ੍ਰੰਥ ਸਾਹਿਬ ਜੀ ਤੋਂ ਕਰਨੀ ਸ਼ੁਰੂ ਕਰ ਦਿੱਤੀ ਉਸ ਦਿਨ ਅਸੀਂ ਗੁਰੂ ਚਰਨਾਂ 'ਚ ਪਰਵਾਨ ਹੋ ਜਾਵਾਂਗੇ ਪਰ ਉਸ ਦੇ ਲਈ ਮਨ ਦੇ ਅੰਦਰ ਸਬਰ ਅਤੇ ਸਿਦਕ ਹੋਣਾ ਚਾਹੀਦਾ ਹੈ –

**ਆਵਤ ਹੈ ਜਾ ਕੈ ਭੀਖ ਮਾਗਨਿ ਭਿਖਾਰੀ ਦੀਨ ਦੇਖਤ ਅਧੀਨਹਿ ਨਿਰਾਸੋ ਨ ਬਿਡਾਰ ਹੈ।**

**ਬੈਠਤ ਹੈ ਜਾ ਕੈ ਦੁਆਰ ਆਸਾ ਕੈ ਬਿਡਾਰ ਸ੍ਵਾਨ ਅੰਤ ਕਰੁਨਾ ਕੈ ਤੋਰਿ ਟੂਕਿ ਤਾਹਿ ਡਾਰਿ ਹੈ।**

**ਪਾਇਨ ਕੀ ਪਨਹੀ ਰਹਤ ਪਰਹਰੀ ਪਰੀ ਤਾਹੂ ਕਾਹੂ ਕਾਜਿ ਉਠਿ ਚਲਤ ਸਮਾਰਿ ਹੈ।**

**ਛਾਡਿ ਅਹੰਕਾਰ ਛਾਰ ਹੋਇ ਗੁਰ ਮਾਰਗ ਮੈ ਕਬਹੂ ਕੈ ਦਇਆ ਕੈ ਦਇਆਲ ਪਗਿ ਧਾਰਿ ਹੈ।**

ਪਰ ਅਫਸੋਸ ਅਸੀਂ ਅੱਜ ਗੁਰ ਸਿੱਖੀ, ਗੁਰੂ ਦੇ ਕੋਲੋਂ ਨਹੀਂ ਬੰਦਿਆਂ ਦੇ ਕੋਲੋਂ ਸਿੱਖ ਰਹੇ ਹਾਂ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਹੇ ਭਾਈ! ਬੰਦਿਆਂ ਦੇ ਕੋਲੋਂ ਨਹੀਂ ਗੁਰੂ ਦੇ ਕੋਲੋਂ ਸਿੱਖ ,ਜਿਨ੍ਹਾਂ ਨੇ ਸਿੱਖੀ ਗੁਰੂ ਦੀ ਵੀਚਾਰ ਦੇ ਰਾਹੀਂ ਧਾਰਨ ਕੀਤੀ ਹੈ ਬਖ਼ਸ਼ਿਸ ਉਨ੍ਹਾਂ ਨੂੰ ਮਿਲਦੀ ਹੈ।

**ਸਿਖੀ ਸਿਖਿਆ ਗੁਰ ਵੀਚਾਰਿ॥**

ਇਸ ਗੱਲ ਨੂੰ ਸਮਝ ਲਈਏ ਅਤੇ ਮੰਨ ਲਈਏ ਅਤੇ ਆਪਣੀਆਂ ਸਿਆਣਪਾਂ ਛੱਡ ਕੇ ਗੁਰੂ ਚਰਨਾਂ 'ਚ ਸਮਰਪਿਤ ਹੋ ਜਾਈਏ।

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥**
**ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥**

# ਹੱਸਣਾ ਤੇ ਕੁੱਝ ਹਾਸੇ ਬਾਰੇ



ਹਾਸਾ ਵੀ ਕਈ ਪ੍ਰਕਾਰ ਦਾ ਹੁੰਦਾ ਹੈ। ਲੋਕ ਅਲੱਗ-ਅਲੱਗ ਮੌਕਿਆਂ ਤੇ ਵੱਖਰੇ ਅੰਦਾਜ਼ ਵਿੱਚ ਹੱਸਦੇ ਹੋਏ ਇਕ ਅਲੱਗ ਅਵਾਜ਼ ਕੱਢਦੇ ਦੇਖੇ ਜਾਂਦੇ ਹਨ ਬੰਦੇ ਦੀ ਜ਼ਿੰਦਗੀ ਵਿੱਚ ਦੁੱਖ ਦਰਦ, ਸੁਖ, ਖੁਸ਼ੀ, ਗਮੀ, ਬੱਲੇ ਬੱਲੇ, ਨਮੋਸ਼ੀ, ਇੱਜ਼ਤ, ਬੇਇਜ਼ਤੀ ਆਦਿ ਜਦ ਘਟਿਤ ਹੁੰਦੇ ਹਨ ਤਾਂ ਬੰਦੇ ਦਾ ਮੂਡ ਵੀ ਤੇ ਉਸਦੀ ਸਖ਼ਸ਼ੀਅਤ ਵੀ ਉਸੇ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ ਤੇ ਉਸੇ ਤਰ੍ਹਾਂ ਦੂਸਰਿਆਂ ਤੇ ਆਪਣਾ ਪ੍ਰਭਾਵ ਦਰਸਾਉਂਦੀ ਹੈ। ਇਸਤੋਂ ਅਗਾਂਹ ਉਸ ਪ੍ਰਭਾਵਿਤ ਬੰਦੇ ਦਾ ਵਤੀਰਾ ਤੇ ਹਾਸਾ ਉਸਦੀ ਆਪਣੀ ਮਾਂ ਪ੍ਰਤੀ, ਬੀਵੀ ਨਾਲ ਜਾਂ ਪ੍ਰਤੀ, ਬੱਚਿਆਂ ਨਾਲ, ਭੈਣਾਂ ਭਰਾਵਾਂ ਨਾਲ, ਯਾਰਾਂ ਦੋਸਤਾਂ ਨਾਲ, ਸੀਨੀਅਰ ਤੇ ਜੂਨੀਅਰ ਨਾਲ ਅਲੱਗ ਹੋਣਾ ਕੁਦਰਤੀ ਹੈ।

ਬੰਦਾ ਜਦ ਕੁਆਰਾ ਹੁੰਦਾ ਹੈ ਤਾਂ ਉਸਦਾ ਹਾਸਾ ਤੇ ਮਨੋਸਥਿਤੀ ਲਗਭਗ ਇੱਕੋ ਵੇਵਲੈਂਗਥ ਤੇ ਹੁੰਦੇ ਹਨ। ਉਸਦਾ ਖਿੜ ਖਿੜਾ ਕੇ ਹੱਸਣਾ ਮਾਂ ਨੂੰ ਤੇ ਯਾਰਾਂ ਦੋਸਤਾਂ ਨੂੰ ਉਸਦੀ ਅਸਲੀਅਤ ਤੇ ਸਹਿਜੇ ਹੀ ਯਕੀਨ ਕਰਾ ਦਿੰਦਾ ਹੈ ਅਤੇ ਜਦ ਉਹ ਦੂਰ ਤੋਂ ਵੀ ਮੁਸਕਰਾਉਂਦਾ ਹੈ ਤਾਂ ਉਸਦੇ ਨੇੜਲੇ ਲੋਕ ਉਸਨੂੰ ਸਮਝ ਲੈਂਦੇ ਹਨ। ਕਈ ਵਾਰੀ ਛੋਟੀ ਮੋਟੀ ਸ਼ਰਾਰਤ ਤੇ ਜਦ ਉਹ ਮੁਰਕਦਾ ਹੈ ਤਾਂ ਵੀ ਉਸਨੂੰ ਅਸਾਨੀ ਨਾਲ ਸਮਝ ਲਿਆ ਜਾਂਦਾ ਹੈ।

ਦੂਜੇ ਪਾਸੇ ਵਿਆਹੁਤਾ ਬੰਦਾ ਬਹੁਤੀ ਵਾਰੀ ਕਈ ਉਲਝਣਾ ਤੇ ਕਈ ਮਜਬੂਰੀਆਂ ਵੱਸ ਆਪਣੇ ਅਸਲੀ ਤੇ ਮੌਲਿਕ ਹਾਸੇ ਨੂੰ ਉਸਦੇ ਅਸਲੀ ਰੂਪ ਤੋਂ ਅਲੱਗ ਥਲੱਗ ਪੇਸ ਕਰਦਾ ਹੈ ਅਤੇ ਉਸਦੇ ਪਹਿਲਾਂ ਵਾਲੇ ਰਿਸ਼ਤੇ ਨਾਤੇ ਸਮਝਣ ਲਗ ਪੈਂਦੇ ਹਨ।

ਖਿੜਖਿੜਾਕੇ ਹੱਸਣਾ, ਇੱਕੋ ਠਹਾਕੇ ਨਾਲ ਹੱਸਣਾ, ਮੂੰਹ ਟੇਢਾ ਕਰਕੇ ਹੱਸਣਾ, ਮੁਸਕਰਾਉਣਾ, ਮੁਰਕਣਾ, ਛੋਟਾ ਹੂੰਅ ਤੇ ਵੱਡਾ ਹੂੰਅ ਕਰਕੇ ਹੱਸਣਾ, ਦੰਦੀਆਂ ਰਿੱਕ ਕੇ ਹੱਸਣਾ, ਹੀ ਹੀ, ਹੋ ਹੋ ਹੋ, ਝੂਠੀ ਮੂਠੀ ਹੱਸਣਾ, ਆਪਣੇ ਤੋਂ ਵੱਡੇ ਬੰਦੇ ਦੀ ਹਾਂ ਵਿੱਚ ਹਾਂ ਮਿਲਾਉਂਦੇ ਹੋਏ ਉਸਨੂੰ ਖੁਸ਼ ਕਰਨ ਵਾਸਤੇ ਹੱਸਣਾ, ਕਿਸੇ ਦੀ ਬੇਇਜ਼ਤੀ ਕਰਨ ਤੇ ਹੱਸਣਾ, ਫ਼ਿਲਮ ਜਾਂ ਟੀ.ਵੀ. ਦੇਖਦੇ ਹੱਸਣਾ, ਹਾਸ-ਰਸ ਸੀਰੀਅਲ ਦੇਖ ਕੇ ਹੱਸਣਾ, ਕੁਛ ਜਿੱਤ ਕੇ ਹੱਸਣਾ, ਖੁਸਰਿਆਂ ਤੇ ਨਕਲੀਆਂ ਤੇ ਭੰਡਾਂ ਦੀਆਂ ਕਾਰਗੁਜਾਰੀ ਤੇ ਉਹਨਾਂ ਦੇ ਝੁਰਲੂਆਂ ਤੇ ਛਿੱਤਰਾਂ ਤੋਂ ਹੱਸਣਾ, ਨਿੱਕੇ ਬੱਚੇ ਦੀਆਂ ਹਾਸੇ ਦੀਆਂ ਕਿਲਕਾਰੀਆਂ, ਗੋਰੇ ਲੋਕਾਂ (ਅੰਗਰੇਜ਼) ਤੇ ਦੂਜਿਆਂ ਦਾ ਅਲੱਗ-ਅਲੱਗ ਹੱਸਣਾ, ਹਾਸ ਕਲੱਬਾਂ ਵਿੱਚ ਹੱਸਣਾ, ਹੱਸਦੇ ਹੋਏ ਤਾੜੀ ਵੀ ਮਾਰਨਾ, ਤਾੜੀ ਮਾਰਦੇ ਖੁਲ੍ਹ ਕੇ ਹੱਸਣਾ...,,,,,ਹਾ ਹਾ ਹੀ ਹੀ ਆਹਹਾ ਹਾ ਹਾ

**ਹੱਸਣਾ ਇਕ ਕਲਾ**
**ਹੱਸਣਾ ਸਿਹਤ ਵਾਸਤੇ ਜ਼ਰੂਰੀ ਹੈ**
**ਹੱਸਣ ਨਾਲ ਕਸਰਤ ਹੁੰਦੀ ਹੈ**
**ਡਿਪਰੈਸ਼ਨ ਨੂੰ ਦੂਰ ਰੱਖਦਾ ਹੈ ਹਾਸਾ**
ਮੈਂ ਹਾਸੇ ਵਾਲਾ ਆਪਦਾ

**ਨਰਿੰਦਰ ਚੰਡੀਗੜ੍ਹ**

# ਆਓ ਜਾਣੀਏ !

- ਸੰਪਾਦਕ

1. ਪੰਜਾਬ ਸ਼ਬਦ ਕਿਹੜੀ ਭਾਸ਼ਾ ਤੋਂ ਲਿਆ ਗਿਆ ਹੈ?

ੳ) ਫ਼ਾਰਸੀ ਤੋਂ ਅ) ਅਰਬੀ

ੲ) ਪੰਜਾਬੀ ਦੀ ਗੁਰਮੁਖੀ ਲਿੱਪੀ ੲ) ਹਿੰਦੀ ਦੀ ਦੇਵਨਾਗਰੀ ਲਿੱਪੀ ਤੋਂ (ੳ)

2. ਕਿਸ ਪੁਸਤਕ ਵਿਚ ਪੰਜਾਬ ਦੇ ਨਾਂ ਦਾ ਸਭਤੋਂ ਪਹਿਲਾਂ ਜ਼ਿਕਰ ਆਉਂਦਾ ਹੈ?

ੳ) ਰਿਗਵੇਦ ਅ) ਮਹਾਂਭਾਰਤ

ੲ) ਤਾਰੀਖ ਸ਼ੇਰ ਸ਼ਾਹ ਸੂਰੀ ਸ) ਰਮਾਇਣ (ੲ)

3. ਬਿਆਸ ਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖੇਤਰ ਕੀ ਕਿਹਾ ਗਿਆ ਹੈ?

ੳ) ਰਚਨਾ ਦੁਆਬ ਅ) ਬਿਸਤ ਦੁਆਬ

ੲ) ਬਾਰੀ ਦੁਆਬ ਸ) ਚੱਜ ਦੁਆਬ (ਅ)

4. ਰਾਵੀ ਤੇ ਚਨਾਬ ਦਰਿਆਵਾਂ ਦੇ ਵਿਚਕਾਰਲੇ ਪ੍ਰਦੇਸ ਨੂੰ ਕੀ ਕਿਹਾ ਜਾਂਦਾ ਹੈ?

ੳ) ਰਚਨਾ ਦੁਆਬ ਅ) ਬਾਰੀ ਦੁਆਬ

ੲ) ਚੱਜ ਦੁਆਬ ਸ) ਬਿਸਤ ਦੋਆਬ (ੳ)

5. ਚਨਾਬ ਤੇ ਜਿਹਲਮ ਦਰਿਆਵਾਂ ਦੇ ਵਿਚਕਾਰਲੇ ਖੇਤਰ ਨੂੰ ਕੀ ਕਿਹਾ ਜਾਂਦਾ ਹੈ?

ੳ) ਬਾਰੀ ਦੁਆਬ ਅ) ਬਿਸਤ ਦੁਆਬ

ੲ) ਚੱਜ ਦੁਆਬ ਸ) ਰਚਨਾ ਦੁਆਬ (ੲ)

6. ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਕਦੋਂ ਸਮਾਏ?

ੳ) 17 ਜਨਵਰੀ 1760 ਈ. ਅ) 07 ਅਕਤੂਬਰ, 1708 ਈ.

ੲ) 27 ਨਵੰਬਰ 1708 ਈ. ਸ) ਇਨ੍ਹਾਂ 'ਚੋਂ ਕੋਈ ਨਹੀਂ (ਅ)

7. ਗੁਰੂ ਗੋਬਿੰਦ ਸਿੰਘ ਜੀ ਕਿਸ ਕਿਲ੍ਹੇ ਤੋਂ ਹੋਲਾ ਮਹੱਲਾ ਸ਼ੁਰੂ ਕਰਦੇ ਸਨ?

ੳ) ਕਿਲ੍ਹਾ ਲੋਹਗੜ੍ਹ ਅ) ਕਿਲ੍ਹਾ ਗੋਬਿੰਦ ਗੜ੍ਹ

ੲ) ਕਿਲ੍ਹਾ ਬਹਾਦਰ ਗੜ੍ਹ ਸ) ਕਿਲ੍ਹਾ ਅਨੰਦ ਗੜ੍ਹ (ਅ)

8. ਜਿਸ ਜਗ੍ਹਾ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਸੀ, ਉਸ ਨੂੰ ਕੀ ਕਿਹਾ ਜਾਂਦਾ ਹੈ?

ੳ) ਗੁਰਦੁਆਰਾ ਦਮਦਮਾ ਸਾਹਿਬ ਅ) ਗੁਰਦੁਆਰਾ ਕੇਸਗੜ੍ਹ ਸਾਹਿਬ

ੲ) ਗੁਰਦੁਆਰਾ ਭੋਰਾ ਸਾਹਿਬ ਸ) ਗੁਰਦੁਆਰਾ ਮੰਜੀ ਸਾਹਿਬ (ਅ)

9. ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਕਦੋਂ ਦਿੱਤੀ?

ੳ) 22 ਜਨਵਰੀ, 1701 ਈ. ਨੂੰ ਅ) 07 ਅਕਤੂਬਰ 1708 ਈ. ਨੂੰ

ੲ) 02 ਜੂਨ, 1699 ਈ. ਨੂੰ ਸ) 05 ਨਵੰਬਰ, 1708 ਈ. ਨੂੰ (ਅ)

10. ਆਦਿ ਗ੍ਰੰਥ ਵਿਚ ਸਭ ਤੋਂ ਜ਼ਿਆਦਾ ਬਾਣੀ ਕਿਸ ਗੁਰੂ ਸਾਹਿਬਾਨ ਦੀ ਹੈ?

ੳ) ਗੁਰੂ ਅੰਗਦ ਦੇਵ ਜੀ ਅ) ਗੁਰੂ ਰਾਮਦਾਸ ਜੀ

ੲ) ਗੁਰੂ ਅਰਜਨ ਦੇਵ ਜੀ ਸ) ਗੁਰੂ ਨਾਨਕ ਦੇਵ ਜੀ (ੲ)

# ਪੰਜਾਬ ਦੇ ਇਤਿਹਾਸ ਨਾਲ ਸਬੰਧਤ ਕੁਝ ਇਤਿਹਾਸਕ ਸਥਾਨ/ਸਮਾਰਕ

**ਗੁਰੂ ਗੋਬਿੰਦ ਸਿੰਘ ਮਾਰਗ** - ਪੰਜਾਬ, ਗੁਰੂਆਂ, ਰਿਸ਼ੀਆਂ ਤੇ ਮਹਾਂਪੁਰਖਾਂ ਦੀ ਧਰਤੀ ਹੈ। ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ, ਜਿਨ੍ਹਾਂ ਨੇ ਪੰਜਾਬ ਦੀ ਧਰਤੀ ਨੂੰ ਭਾਗ ਲਾਏ। ਉਨ੍ਹਾਂ ਦੇ ਬਲੀਦਾਨ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਨੇ ਇਕ ਛੋਟੀ ਜਿਹੀ ਸ਼ਰਧਾਂਜਲੀ ਵਜੋਂ ਇਸ 577 ਲੰਬੀ ਸੜਕ ਦਾ ਨਿਰਮਾਣ ਕੀਤਾ ਹੈ। ਗੁਰੂ ਗੋਬਿੰਦ ਸਿੰਘ ਮਾਰਗ ਦਾ ਉਦਘਾਟਨ 10 ਅਪ੍ਰੈਲ, 1973 ਨੂੰ ਕੀਤਾ ਗਿਆ। ਉਦੋਂ ਇਕ ਮਹਾਨ ਜਲੂਸ ਅਨੰਦਪੁਰ ਸਾਹਿਬ ਤੋਂ ਚੱਲ ਕੇ ਤਲਵੰਡੀ ਸਾਬੋ ਦਮਦਮਾ ਸਾਹਿਬ ਪੁੱਜਿਆ ਸੀ। ਇਹ ਸੜਕ ਸਿੱਧੀ ਨਹੀਂ ਹੈ ਕਈ ਪਿੰਡਾਂ ਵਿਚੋਂ ਹੋ ਕੇ ਲੰਘਦੀ ਹੈ। ਬਹੁਤ ਸਾਰੇ ਧਾਰਮਿਕ ਗੁਰਦਵਾਰਿਆਂ ਨੂੰ ਇਹ ਮਿਲਾਉਂਦੀ ਹੈ।

**ਗੁਰੂ ਕੀ ਮਸੀਤ, ਸ੍ਰੀ ਹਰਗੋਬਿੰਦਪੁਰ (ਗੁਰਦਾਸਪੁਰ)** - ਗੁਰੂ ਕੀ ਮਸੀਤ ਗੁਰਦਾਸਪੁਰ ਜ਼ਿਲ੍ਹੇ ਦੇ ਕਸਬੇ ਸ੍ਰੀ ਹਰਗੋਬਿੰਦਪੁਰ ਵਿਖੇ ਸਥਿਤ ਹੈ। ਇਸ ਨੂੰ UNESCO ਵੱਲੋਂ ਇਕ ਇਤਿਹਾਸਕ ਸਥਾਨ ਦਾ ਦਰਜਾ ਪ੍ਰਾਪਤ ਹੈ। ਗੁਰੂ ਹਰਗੋਬਿੰਦ ਜੀ ਨੇ ਬਿਆਸ ਦੇ ਨੇੜੇ ਮੁਗਲਾਂ ਨਾਲ ਇਕ ਭਿਆਨਕ ਯੁੱਧ ਲੜਿਆ ਜਿਸ ਵਿਚ ਮੁਗਲਾਂ ਦੇ ਭਾਰੀ ਲਸ਼ਕਰ ਦੇ ਬਾਵਜੂਦ ਗੁਰੂ ਜੀ ਨੂੰ ਜਿੱਤ ਪ੍ਰਾਪਤ ਹੋਈ। ਗੁਰੂ ਜੀ ਇਥੇ ਕੁਝ ਦੇਰ ਲਈ ਰੁਕੇ, ਸਿੱਖਾਂ ਨੇ ਆਪਣੇ ਲਈ ਇਕ ਗੁਰਦੁਆਰਾ ਬਣਾਇਆ ਪਰ ਸਥਾਨਕ ਮੁਸਲਮਾਨਾਂ ਕੋਲ ਵਸੀਲੇ ਦੀ ਘਾਟ ਕਾਰਨ ਉਹ ਆਪਣੀ ਮਸਜਦ ਨਾ ਬਣਾ ਸਕੇ। ਮੁਸਲਮਾਨਾਂ ਦੀ ਬੇਨਤੀ 'ਤੇ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਕ ਮਸਜਦ ਬਣਾਉਣ ਦਾ ਕੰਮ ਸੌਂਪਿਆ ਜਿਸ ਨੂੰ ਹੁਣ ਗੁਰੂ ਕੀ ਮਸੀਤ ਵਜੋਂ ਜਾਣਿਆ ਜਾਂਦਾ ਹੈ। ਵੰਡ ਤੋਂ ਬਾਅਦ ਇਹ ਮਸਜਿਦ ਖਸਤਾ ਹਾਲਤ ਵਿਚ ਹੋ ਗਈ ਤੇ ਇਸ ਤੇ ਨਿਹੰਗ ਸਿੰਘਾਂ ਨੇ ਕਬਜ਼ਾ ਕਰ ਲਿਆ। ਕਾਫੀ ਸਾਲਾਂ ਤੱਕ ਨਿਹੰਗ ਸਿੰਘ ਹੀ ਇਸ ਸਥਾਨ ਦੀ ਦੇਖ ਭਾਲ ਕਰਦੇ ਰਹੇ ਪਰੰਤੂ ਨਿਹੰਗ ਸਿੰਘ ਦੇ ਮੁਖੀ ਦੀ ਇੱਛਾ ਅਨੁਸਾਰ ਇਸ ਮਸੀਤ ਦੀ ਮੁਰੰਮਤ ਆਦਿ ਕਰਕੇ 2003 ਵਿਚ ਪੰਜਾਬ ਵਕਫ਼ ਬੋਰਡ ਨੂੰ ਸੌਂਪ ਦਿੱਤੀ ਗਈ।

**ਵਿਰਾਸਤ-ਏ-ਖ਼ਾਲਸਾ** - ਵਿਰਾਸਤ-ਏ-ਖ਼ਾਲਸਾ ਆਨੰਦਪੁਰ ਸਾਹਿਬ ਵਿਖੇ ਸਥਿਤ ਹੈ। ਇਸ ਦਾ ਨੀਂਹ ਪੱਥਰ ਤਤਕਾਲੀਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੱਲੋਂ ਖ਼ਾਲਸ ਪੰਥ ਦੀ ਤ੍ਰੈਸ਼ਤਾਬਦੀ ਦੇ ਸਬੰਧ ਵਿਚ 1999 ਵਿਚ ਰੱਖਿਆ ਗਿਆ। ਤੇਰ੍ਹਾਂ ਸਾਲ ਦੇ ਨਿਰਮਾਣ ਤੋਂ ਬਾਅਦ ਇਸ ਇਤਿਹਾਸਕ ਯਾਦਗਾਰ ਦਾ ਉਦਘਾਟਨ 25 ਨਵੰਬਰ 2011 ਕੀਤਾ ਗਿਆ ਅਤੇ 27 ਨਵੰਬਰ 2011 ਤੋਂ ਆਮ ਦਰਸ਼ਨਾਂ ਲਈ ਖੋਲ੍ਹ ਦਿੱਤਾ ਗਿਆ। ਇਸ ਦਾ ਡਿਜ਼ਾਈਨ ਇਸਰਾਈਲ ਦੇ ਪ੍ਰਸਿੱਧ ਆਰਕੀਟੈਕਟ Moshe Safdie and Associates ਵੱਲੋਂ ਕੀਤਾ ਗਿਆ ਹੈ।

**ਫ਼ਤਿਹ ਬੁਰਜ** - ਬੰਦਾ ਸਿੰਘ ਬਹਾਦਰ ਸਰਹਿੰਦ ਦੇ ਮੁਗ਼ਲ ਫ਼ੌਜਦਾਰ ਵਜ਼ੀਰ ਖ਼ਾਨ ਨੂੰ 1710 ਵਿਚ ਸ਼ਕਸ਼ਤ ਦੇ ਕੇ ਸਰਹਿੰਦ ਨੂੰ ਫ਼ਤਹਿ ਕਰਨ ਦੀ ਯਾਦ ਵਜੋਂ ਮੋਹਾਲੀ ਦੇ ਨਜ਼ਦੀਕ ਚੱਪਰ-ਚਿੜੀ ਵਿਖੇ ਪੰਜਾਬ ਸਰਕਾਰ ਵੱਲੋਂ ਫ਼ਤਿਹ ਬੁਰਜ ਦੀ ਉਸਾਰੀ ਕੀਤੀ ਗਈ ਹੈ। ਇਹ ਬੁਰਜ 100 ਮੀਟਰ (328 ਫੁਟ) ਉੱਚਾ ਹੈ ਜਦਕਿ ਭਾਰਤ ਦਾ ਸਭ ਤੋਂ ਉੱਚਾ ਮੰਨਿਆ ਜਾਂਦਾ ਦਿੱਲੀ ਵਿਖੇ ਕੁਤਬ ਮੀਨਾਰ ਕੇਵਲ 73 ਮੀਟਰ ਹੈ। ਉੱਚੇ ਮੀਨਾਰਾਂ ਵਿਚੋਂ ਗੁਆਂਢੀ ਮੁਲਕ ਪਾਕਿਸਤਾਨ ਦਾ ਮੀਨਾਰ-ਏ-ਪਾਕਿਸਤਾਨ ਵੀ ਸ਼ਾਮਲ ਹੈ, ਜਿਸ ਦੀ ਉਚਾਈ 62 ਮੀਟਰ ਹੈ।

**ਸਾਰਾਗੜ੍ਹੀ ਸਮਾਰਕ** - ਸਾਰਾਗੜ੍ਹੀ ਸਮਾਰਕ ਫਿਰੋਜ਼ਪੁਰ ਵਿਖੇ ਉਨ੍ਹਾਂ ਬਹਾਦਰ ਯੋਧਿਆਂ ਦੀ ਯਾਦ ਵਿਚ ਬਣਾਇਆ ਗਿਆ ਹੈ ਜਿਹੜੇ 12 ਸਤੰਬਰ 1897 ਈ. ਨੂੰ ਕਬਾਇਲੀਆਂ ਦਾ ਸਾਹਮਣਾ ਕਰਦੇ ਹੋਏ ਸ਼ਹੀਦ ਹੋ ਗਏ। ਸਾਰਾਗੜ੍ਹੀ, ਅਫ਼ਗਾਨਿਸਤਾਨ ਅਤੇ ਪਿਸ਼ਾਵਰ ਵਿਚਕਾਰ ਇਕ ਕਬਾਇਲੀ ਇਲਾਕਾ ਹੈ ਜਿਥੇ ਇਕ ਪਹਾੜ 'ਤੇ ਅੰਗਰੇਜ਼ਾਂ ਵੱਲੋਂ ਬਣਾਈ ਫ਼ੌਜੀ ਚੌਂਕੀ ਸੀ। ਉਸ ਚੌਕੀ 'ਤੇ 21 ਸਿੱਖ ਫ਼ੌਜੀ ਪੰਜਵੀਂ ਸਿੱਖ ਬਟਾਲੀਅਨ ਨਾਲ ਸਬੰਧਤ ਤਾਇਨਾਤ ਸਨ। ਇਸ ਚੌਕੀ 'ਤੇ ਹਜ਼ਾਰਾਂ ਕਬਾਇਲੀਆਂ ਨੇ 12 ਸਤੰਬਰ 1897 ਨੂੰ ਹਮਲਾ ਕਰ ਦਿੱਤਾ। ਕੋਈ ਸਹਾਇਤਾ ਸਮੇਂ ਸਿਰ ਨਾਲ ਪੁੱਜਣ ਕਾਰਨ 21 ਫ਼ੌਜੀਆਂ ਨੇ ਸਾਰਾ ਦਿਨ ਕਬਾਇਲੀਆਂ ਦਾ ਡੱਟ ਕੇ ਮੁਕਾਬਲਾ ਕਰਦੇ ਕਈ ਕਬਾਇਲੀਆਂ ਨੂੰ ਮਾਰ ਦਿੱਤਾ ਤੇ ਆਪ ਸ਼ਹੀਦ ਹੋ ਗਏ। ਯੂਨੈਸਕੋ (UNESCO) ਵੱਲੋਂ ਸਮੂਹਕ ਬਹਾਦਰੀ ਦੀਆਂ ਅੱਠ ਘਟਨਾਵਾਂ ਵਿਚ ਇਹ ਲੜਾਈ ਵੀ ਸ਼ਾਮਿਲ ਹੈ। ਇਸ ਗਾਥਾ ਨੂੰ ਫਰਾਂਸ ਦੇ ਸਕੂਲਾਂ ਵਿਚ ਵੀ ਪੜ੍ਹਾਇਆ ਜਾਂਦਾ ਹੈ ਕਿਉਂਕਿ ਸਾਰਾਗੜ੍ਹੀ ਵਿਚ ਸ਼ਹੀਦ ਹੋਣ ਵਾਲੇ ਸਾਰੇ ਫੌਜੀ ਸਿੱਖ ਸਨ ਅਤੇ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਨਾਲ ਸਬੰਧਤ ਸਨ ਤੇ ਉਸ ਵਕਤ ਸਿੱਖ ਰੈਜਮੈਂਟ ਫ਼ਿਰੋਜ਼ਪੁਰ ਵਿਖੇ ਸੀ, ਇਸ ਲਈ ਉਨ੍ਹਾਂ ਦੀ ਯਾਦ ਵਿਚ ਇਕ ਗੁਰਦੁਆਰਾ ਫਿਰੋਜ਼ਪੁਰ ਤੇ ਦੂਸਰਾ ਅੰਮ੍ਰਿਤਸਰ ਵਿਖੇ ਬਣਾਇਆ ਗਿਆ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

**ਕਹਾਣੀ**

# ਵਿਲਕਦਾ ਬਚਪਨ

**ਹਰਸਿਮਰਨ ਕੌਰ**

ਸ਼ਹਿਰ ਤੋਂ ਬਾਹਰ ਮੜ੍ਹੀਆਂ ਦੇ ਨੇੜੇ ਕੋਈ 15 ਕੁ ਝੁੱਗੀਆਂ ਸਨ, ਝੁੱਗੀਆਂ ਦੀ ਹਾਲਤ ਠੀਕ ਨਹੀਂ ਸੀ। ਸੱਤ-ਅੱਠ ਝੁੱਗੀਆਂ ਤਾਂ ਟੁੱਟੇ ਹੋਏ ਬਾਂਸਾਂ ਨੂੰ ਕੱਪੜੇ ਤੇ ਰੱਸੀਆਂ ਨਾਲ ਜੋੜ ਕੇ, ਖੜ੍ਹਾ ਕਰਕੇ ਬਸ ਉਪਰ ਤਰਪਾਲਾਂ ਗਿਰਾਈਆਂ ਹੋਈਆਂ ਸਨ। ਤਰਪਾਲਾਂ ਵੀ ਜਿਸ ਤਰ੍ਹਾਂ ਮਿਉਂਸੀਪਲ ਕਮੇਟੀ ਦੇ ਕੂੜੇ ਦੇ ਢੇਲਾਂ ਵਿੱਚੋਂ ਕੱਢੀਆਂ ਹੋਣ। ਮਗੋਰਿਆਂ ਵਾਲੀਆਂ ਇੱਕ ਦੇ ਉਤੇ ਦੂਜੀ, ਜੋ ਛੱਤਾਂ ਪਰਾਲੀ ਪਾ ਕੇ ਬਣਾਈਆਂ ਹੋਈਆਂ ਸਨ ਉਹ ਮੀਂਹ ਨੂੰ ਨਹੀਂ ਸੀ ਸਹਾਰ ਦੀਆਂ, ਛੱਤਾਂ ਵਿੱਚੋਂ ਪਰਨਾਲੇ ਝੁੱਗੀਆਂ ਵਿੱਚ ਡਿੱਗਦੇ ਸੀ ਕਿਸੇ ਝੁੱਗੀ ਵਿੱਚ ਚਾਰ, ਕਿਸੇ ਵਿੱਚ ਪੰਜ ਤੇ ਕਿਸੇ ਵਿੱਚ ਦੋ ਕੁ ਹੀ ਜੀਅ ਰਹਿੰਦੇ ਸੀ, ਕੁਝ ਦੀ ਰਾਤ ਦੀ ਨੌਕਰੀ ਹੋਣ ਕਰਕੇ ਦਿਨੇ ਦੋ ਚਾਰ ਘੰਟੇ ਆ ਕੇ ਪਿੱਠ ਨੂੰ ਆਰਾਮ ਦੇ ਲੈਂਦੇ ਸੀ। ਸੌਣ ਯਾ ਆਰਾਮ ਕਰਨ ਲਈ ਮੰਜੇ ਤੋਂ ਵਾਂਝੇ ਸਨ, ਬਸ ਝੌਂਪੜੀਆਂ ਦੇ ਫ਼ਰਸ਼ ਤੇ ਕਾਗਜ਼ ਤੇ ਘਾਹ ਫੂਸ ਪਾ ਕੇ ਫਟੀ ਚੱਦਰ ਨਾਲ ਸਰਦੀ ਦੀ ਆਂਵਦ ਨੂੰ ਰੋਕ ਕੇ ਨੀਂਦ ਨੂੰ ਨਿਉਂਦਾ ਦਿੰਦੇ ਸਨ। ਦਿਲ ਦੀਆਂ ਸੱਧਰਾਂ ਦੀ ਕੋਈ ਪਹਿਚਾਣ ਹੀ ਨਹੀਂ ਸੀ। ਉਨ੍ਹਾਂ ਦੀ ਮੰਗ, ਢਿੱਡ ਭਰਨ ਦੀ ਤੇ ਆਪਣੇ ਨੰਗੇਜ਼ ਢੱਕਣ ਤੋਂ ਵੱਧ ਨਹੀਂ ਸੀ। ਕੁਝ ਬਿਰਧ ਵੀ ਘਰ ਦਾ ਜਾਂ ਝੌਂਪੜੀਆਂ ਦਾ ਜਿੰਦਾ ਬਣੇ ਹੋਏ ਸੀ ਤਰਸੇਵਿਆਂ ਨਾਲ ਕਦੀ-ਕਦੀ ਘਿਸਰਦੇ ਝੁੱਗੀ ਦੇ ਪ੍ਰਵੇਸ਼ ਤੱਕ ਜਾਂਦੇ-ਟੇਡੇ ਮੇਡੇ ਹੋ ਕੇ, ਝੁੱਕ ਕੇ ਗਲੀ ਦੀ ਸੜਕ ਨੂੰ ਵੇਖ ਕੇ ਜਦੋਂ ਕੁਝ ਨਾ ਦਿਖਦਾ ਤਾਂ ਅੱਖਾਂ ਮਲ ਕੇ ਪੂਰੀ ਤਰ੍ਹਾਂ ਉਨ੍ਹਾਂ ਨੂੰ ਫਾੜ-ਫਾੜ ਕੇ ਕਿਸੇ ਆਪਣੇ ਨੂੰ ਟੁੱਕਰ ਲਈ ਨੀਝ ਲਾ ਕੇ ਉਡੀਕਦੇ, ਹਾਵਿਆਂ ਨਾਲ ਥੋਹੜੀ ਦੇਰ ਬਾਅਦ ਮੁੜ ਕੇ ਆਪਣੀ ਓੜ੍ਹਨੀ ਨੂੰ ਅੱਧਾ ਹੇਠਾਂ ਤੇ ਅੱਧੀ ਉਪਰ ਖਿੱਚ ਧੂ ਕੇ ਆਪ ਸੁੰਗੜ ਕੇ ਪੈ ਜਾਂਦੇ। ਪੇਟ ਦੀ ਭੁੱਖ ਜ਼ਿਆਦਾ ਸਤਾਂਦੀ ਤੇ ਰਜੇਵਾਂ ਤਾਂ ਦੋ ਕੁ ਘੰਟਿਆਂ ਦਾ ਹੀ ਮਹਿਮਾਨ ਬਣ ਕੇ ਆਉਂਦਾ ਸੀ। ਜਿਵੇਂ ਝੌਂਪੜੀਆਂ ਦੇ ਰਸਤੇ ਬਿਨਾ ਨਾਲੀਆਂ ਤੋਂ ਚਿੱਕੜ ਤੇ ਬਦਬੋ ਨਾਲ ਭਰਪੂਰ ਸਨ ਉਸ ਤਰ੍ਹਾਂ ਇੰਨ੍ਹਾਂ ਬਿਰਧਾਂ ਦੇ ਸਾਹ ਵੀ ਗਿਣਵੀਆਂ ਘੜੀਆਂ ਦੇ ਮਹਿਮਾਨ ਸਨ। ਨੇੜੇ ਹੀ ਦੋ ਕੁ ਵੱਡੇ ਪਿੱਪਲ ਸਨ ਜੋ ਬੇ ਨਾਮ ਲੋਕਾਂ ਦਾ ਦੋਸਤਾਨਾ ਨਿਭਾਂਦੇ ਸੀ। ਕੁਝ ਬੇ-ਘਰੇ ਇਨ੍ਹਾਂ ਦੇ ਹੇਠਾਂ ਹੀ ਜੀਵਨ ਬਸਰ ਕਰਦੇ ਸੀ। 25 ਕੁ ਗਜ਼ ਦੀ ਦੂਰੀ ਤੇ ਇਕ ਕਲੋਨੀ ਵੀ ਸੀ। ਉਥੇ ਅਮੀਰਜਾਦੇ ਤਾਂ ਨਹੀਂ ਰਹਿ ਸਕਦੇ ਪਰ ਮੱਧਵਰਗੀ ਤੋਂ ਵੀ ਕੁਝ ਨੀਵੇਂ ਲੋਕ ਛੋਟੇ-ਛੋਟੇ ਕੱਚੇ ਮਕਾਨਾਂ ਵਿੱਚ ਰਹਿੰਦੇ ਸੀ।

ਇਸ ਕਲੋਨੀ ਵਿੱਚ ਇੱਕ ਪੰਜਵੀਂ ਤੱਕ ਦਾ ਸਕੂਲ ਸੀ ਪਰ ਇਸ ਸਕੂਲ ਵਿੱਚ ਝੌਂਪੜੀਆਂ ਦੇ ਬੱਚਿਆਂ ਵਿੱਚੋਂ ਇਕ ਹੀ ਬੱਚਾ ਸਕੂਲ ਜਾਂਦਾ ਸੀ। ਇਕ ਦਿਨ ਸਕੂਲੋਂ ਆ ਕੇ ਆਪਣੀ ਮਾਂ ਨੂੰ ਆਖਣ ਲੱਗਾ ਮਾਂ ਅੱਜ ਦੋ ਭੈਣਜੀ ਮੇਰੇ ਵੱਲ ਦੇਖ ਕੇ ਬੋਲੀਆਂ ਇਹ ਕੱਲ੍ਹ ਦਾ ਬਾ...ਪ ਹੈ... ਰਾਅਟਰ (ਰਾਸ਼ਟਰ) ਦਾ ਬਜ਼ੀਰ (ਵਜ਼ੀਰ) ਭੈਣ... ਜੀਆਂ ਬੋਲ... ਦੀਆਂ ਸੀ। ਇਹ ਆਖ ਕੇ ਮਾਂ ਜੋ ਪੂਰੇ ਧਿਆਨ ਨਾਲ ਆਪਣੇ ਫੱਟੇ ਟਾਕੀਆਂ ਵਾਲੇ ਲੀੜੇ ਕੰਧੂਈ ਸੂਈ ਨਾਲ ਸੜੋਪੇ ਜਾਂ ਲਗਾਕੇ ਸੀ ਰਹੀ ਸੀ ਉਸ ਵੱਲ ਦੇਖਦਾ ਰਿਹਾ... ਮਾਂ ਬੋਲੋ ਵੀ ਕੀ ...? ਇਹ ਸ਼ਬਦ ਉਸ ਦੀ ਸਮਝ ਤੋਂ ਬਾਹਰ ਹੀ ਸੀ.. ਇਸ ਨੂੰ ਭਾਵ ਨੋਨੂੰ ਨੂੰ ਹਾੜੇ ਕੱਢ ਕੇ ਲੋਕਾਂ ਦਾ ਨਿੱਤ ਤੋਂ ਵੱਧ ਕੰਮ ਕਰਕੇ ਸਕੂਲ ਭੇਜਣ ਦਾ ਕੋਈ ਚਾਅ ਜਾਂ ਰੀਸ ਹੀ ਪੂਰੀ ਕੀਤੀ ਸੀ। ਉਸ ਨੇ ਤਾਂ ਆਪਣੇ ਫਟੇ ਕੱਪੜੇ ਸੀ ਕੇ ਕੁਝ ਨੰਗੇਜ਼ ਢੱਕ ਕੇ ਸਾਹਮਣੀ ਵਾਲੀ ਕਲੋਨੀ ਵਿੱਚ ਨਿੱਤ ਦੀ ਤਰ੍ਹਾਂ ਭਾਂਡੇ ਮਾਂਜਣ, ਪੋਚੇ ਲਾਣੇ, ਕੱਪੜੇ ਧੋਣੇ ਤੇ ਕਿਸੇ ਬਿਮਾਰ ਬਜ਼ੁਰਗ ਦਾ ਦੱਸਿਆ ਕੰਮ ਕਰਨਾ। ਬਸ ਇਨ੍ਹਾਂ ਲੋਕਾਂ ਦੇ ਬੱਚਿਆਂ ਨੂੰ ਤਿਆਰ ਹੁੰਦੇ ਸਕੂਲ ਜਾਂਦੇ ਵੇਖ ਕੇ ਇਨ੍ਹਾਂ ਦੇ ਹੀ ਤਰਲੇ ਕਰਕੇ ਨੋਨੂ ਨੂੰ ਛੇ-ਸੱਤ ਮਹੀਨੇ ਪਹਿਲਾਂ ਸਕੂਲ ਭੇਜਣ ਲਾਇਆ ਸੀ। ਇਨ੍ਹਾਂ ਹੀ ਘਰਾਂ ਵਿੱਚੋਂ ਨੋਨੂ ਨੂੰ ਉਤਾਰ ਕੱਪੜੇ ਕਾਇਦਾ ਸਲੇਟ ਆਦਿ ਮਿਲ ਹੀ ਜਾਂਦੀ ਸੀ। ਨੋਨੂੰ ਅੱਠ ਕੁ ਵਰ੍ਹਿਆਂ ਦਾ ਸੀ। ਉਸ ਨੂੰ ਮਾਂ ਦੇ ਕੰਮ ਕਿੱਤਿਆਂ ਦੀ ਥਕਾਵਟ ਦਾ ਅਹਿਸਾਸ ਹੁੰਦਾ ਸੀ। ਉਸ ਦੇ ਆਉਣ ਤੋਂ ਪਹਿਲਾਂ ਜੂਠੇ ਗਲਾਸ ਕੌਲੀਆਂ ਨਿੱਕੇ-ਨਿੱਕੇ ਹੱਥਾਂ ਨਾਲ ਸਾਫ਼ ਕਰਕੇ ਸਟੋਵ ਕੋਲ ਟਿਕਾ ਦਿੰਦਾ ਸੀ। ਝੁੱਗੀ ਦੀ ਥੋਹੜੀ ਜਗ੍ਹਾ ਨੂੰ ਵੀ ਕਿਸੇ ਕਾਗਜ਼ ਟੁੱਟੇ ਹੋਏ ਝਾੜੂ ਨੂੰ ਲੱਭ ਕੇ ਸਾਫ਼ ਕਰ ਦਿੰਦਾ ਸੀ। ਜਦੋਂ ਸਕੂਲ ਛੁੱਟੀ ਹੁੰਦੀ ਸੀ ਤਾਂ ਮਾਂ ਨੂੰ ਆਖਣਾ 'ਨਿਕੜੀ ਨਾਲ ਮੈਂ ਖੇਡਾਂਗਾ ਇਸ ਨੂੰ ਇੱਥੇ ਹੀ ਬਿਠਾ ਜਾ", ਕੰਮ ਵਾਲੇ ਘਰ ਦੂਰ ਨਹੀਂ ਸੀ ਜ਼ਿਆਦਾ। ਇਸ ਕਰਕੇ ਇਕ ਘਰ ਕਰਨ ਤੋਂ ਬਾਅਦ ਮਾਂ ਘਰ ਆ ਕੇ ਮਿਲੀ ਬਾਸੀ-ਤਾਜ਼ੀ ਰੋਟੀ ਇਨ੍ਹਾਂ ਨੂੰ ਖਲਾ ਵੀ ਜਾਂਦੀ ਤੇ ਵੇਖ ਵੀ ਜਾਂਦੀ।

ਇਕ ਦਿਨ ਅੰਤਾਂ ਦੀ ਸਰਦੀ ਵਿੱਚ ਮੋਹਲੇਧਾਰ ਮੀਂਹ ਕੀ ਪਿਆ ਕਿ ਨੋਨੂੰ ਦੀ ਮਾਂ ਦਾ ਅਜਿਹਾ ਪੈਰ ਫਿਸਲਿਆ ਕਿ ਲੱਤ ਹੀ ਟੁੱਟ ਗਈ। ਕਿਤੇ ਵੀ ਕੰਮ ਕਰਨ ਜਾ ਨਹੀਂ ਸੀ ਸਕਦੀ, ਤਿੰਨੋ ਜਣੇ ਰੋਟੀ ਤੋਂ ਮੁਹਤਾਜ ਹੋ ਗਏ। ਨੋਨੂੰ ਚਾਰ ਕੁ ਦਿਨ ਤਾਂ ਕੰਮ ਵਾਲੇ ਘਰਾਂ ਵਿੱਚੋਂ ਮਾਂ ਦੀ ਲੱਤ ਬਾਰੇ ਦੱਸ ਕੇ ਤੇ ਕੁਝ ਆਪਣੀ ਅਕਲ ਅਨੁਸਾਰ ਉਨ੍ਹਾਂ ਦਾ ਕੰਮ ਕਰਕੇ ਰੋਟੀ ਲੈ ਆਉਂਦਾ, ਪਰ ਪੜ੍ਹਾਈ ਛੱਡਣੀ ਪਈ ਤੇ ਕਿਸੇ ਦੇ ਘਰ ਨੌਕਰ ਜਾ ਲੱਗਿਆ। ਉਥੇ ਉਸ ਵਾਸਤੇ ਦਿਨ ਤੇ ਰਾਤ ਦਾ ਕੋਈ ਫ਼ਰਕ ਨਹੀਂ ਸੀ। ਕਿਸੇ ਵੀ ਸਮੇਂ ਆਵਾਜ਼ ਆਉਣ ਤੇ ਕੰਮ ਕਰਨਾ ਹੀ ਹੁੰਦਾ ਸੀ। ਸਵੇਰੇ ਸ਼ਾਮ ਮਾਂ ਨੂੰ ਤੇ ਨਿਕੜੀ ਨੂੰ ਰੋਟੀ ਦੇਣੀ ਹੀ ਬਸ ਉਸ ਦੀ ਤਨਖ਼ਾਹ ਸੀ। ਦਸ ਦਿਨਾਂ ਬਾਅਦ ਹੋਰ ਘਰ ਬਦਲਿਆ। ਉਥੇ ਤਨਖ਼ਾਹ ਤੋਂ ਜ਼ਿਆਦਾ ਗਾਲ੍ਹਾਂ ਤੇ ਮਾਰ ਹੀ ਸੀ। ਫਿਰ ਵੀ ਉਸ ਨੇ ਵੱਖ-ਵੱਖ ਘਰਾਂ ਵਿੱਚ, ਕਦੀ ਛੋਟੀ ਦੁਕਾਨ ਤੇ ਹਲਵਾਈ ਦੇ ਭਾਂਡੇ ਮਾਂਜਣ ਤੇ ਚਾਰ ਮਹੀਨੇ ਕੱਢ ਹੀ ਦਿੱਤੇ ਤੇ ਮਾਂ ਦੀ ਲੱਤ ਠੀਕ ਹੋਈ। ਉਸ ਫਿਰ ਆਪਣਾ ਕੰਮ ਸਾਂਭਿਆ ਤੇ

ਨੋਨੂੰ ਸਕੂਲ ਦੀ ਬਾਬਤ ਸੋਚਣ ਲੱਗਾ। ਪਤਾ ਨਹੀਂ ਘਰੋਂ ਨਿਕਲਿਆ ਬਾਪ ਚਾਰ ਸਾਲ ਬਾਅਦ ਕਿਵੇਂ ਇਨ੍ਹਾਂ ਨੂੰ ਲੱਭਦਾ ਝੁੱਗੀ ਵਿੱਚ ਪਹੁੰਚ ਗਿਆ। ਨਸ਼ੇ ਦੀ ਲੱਤ ਵਿੱਚ ਚੂਰ, ਬਾਪ ਬਣ ਕੇ ਨਹੀਂ ਇਕ ਮੰਗਤਾ ਬਣ ਕੇ ਘਰ ਆਇਆ। ਪੈਸਿਆਂ ਪਿੱਛੇ ਨਸ਼ੇ ਪਿੱਛੇ ਮਾਂ ਬਾਪ ਵਿੱਚ ਤੂੰ-ਤੂੰ ਤੇ ਨਿੱਤ ਹੱਥਾ ਪਾਈ ਹੋਇਆ ਕਰੇ। ਨੋਨੂੰ ਇਕ ਦਿਨ ਮਾਂ ਦਾ ਦੁੱਖ ਨਾ ਸਹਿਣ ਕਰਦਾ ਹੋਇਆ ਬਾਪ ਨੂੰ ਧੱਕਾ ਦੇ ਰਿਹਾ ਸੀ। ਜਦੋਂ ਕਿ ਬਾਪ ਨੇ ਬਾਂਹ ਤੋਂ ਪਕੜ ਕੇ ਘਸੀਟ ਕੇ ਝੌਂਪੜੀਆਂ ਤੋਂ ਦੂਰ ਲਜਾ ਕੇ ਇਕ ਤਰ੍ਹਾਂ ਉਸ ਨੂੰ ਸੁੱਟ ਹੀ ਦਿੱਤਾ।

ਨੇੜੇ ਦੇ ਬਸ ਸਟੈਂਡ ਤੇ ਸੁੱਟਿਆ ਭੋਜਨ ਖਾ ਕੇ ਗੁਜ਼ਾਰਾ ਕਰਨਾ ਰਾਤ ਨੂੰ ਕਿਸੀ ਕੰਧ ਨਾਲ ਲੱਗ ਕੇ ਅੱਖਾਂ ਮੀਟਣੀਆ ਕਦੀ ਰੋਵੇ ਕਦੀ ਕੰਮ ਲੱਭੇ। ਦੋ ਚਾਰ ਦਿਨਾਂ ਬਾਅਦ ਇਕ ਦੁਕਾਨਦਾਰ ਕੋਲ ਜਾ ਕੇ ਕੰਮ ਤਾਂ ਕੀ ਮੰਗਣਾ ਸੀ, ਸਿਸਕੀਆਂ ਨਾਲ ਰੋਣ ਲੱਗ ਪਿਆ। ਉਸ ਨੇ ਤਿੰਨ ਚਾਰ ਦਿਨ ਦੁਕਾਨ ਤੇ ਹੀ ਕੰਮ ਕਰਵਾ ਕੇ ਨੋਨੂੰ ਨੂੰ ਜਾਂਚਿਆ ਤੇ ਫਿਰ ਆਪਣੇ ਘਰ ਲੈ ਗਿਆ। ਨੋਨੂੰ ਕਮਰਿਆਂ ਦੀ ਸਫਾਈ ਕਰਨ ਤੋਂ ਬਾਅਦ ਜਦੋਂ ਬਾਹਰ ਬਰਾਮਦੇ ਵਿੱਚ ਆਇਆ ਤਾਂ ਵੇਖਿਆ ਇਕ ਬਹੁਤ ਵੱਡਾ ਪਿੰਜਰਾ ਹੈ। ਉਸ ਵਿੱਚ ਸਫੈਦ ਚੂਹੇ ਹੀ ਚੂਹੇ ਹਨ। ਉਸ ਨੂੰ ਬੜਾ ਅਜੀਬ ਵੀ ਲੱਗਿਆ ਕਿਉਂਕਿ ਇੰਨੀ ਤਾਦਾਦ ਵਿੱਚ ਕਦੇ ਨਹੀਂ ਵੇਖੇ ਸੀ। ਪਰ ਜਦੋਂ ਇਹ ਬਿਹਾਰ ਦੇ ਇਕ ਪਿੰਡ ਵਿੱਚ ਕਹਿੰਦੇ ਸੀ ਜੋ ਹਰ ਤਰ੍ਹਾਂ ਨਾਲ ਛੇਕਿਆ ਹੋਇਆ ਸੀ। ਖਾਣ ਨੂੰ ਕੁਝ ਲੱਭਦਾ ਨਹੀਂ ਸੀ ਤਾਂ ਮਾਂ ਨੇ ਜਦੋਂ ਕੋਈ ਚੂਹਾ ਵੇਖਣਾ ਤਾਂ ਚਿਮਟੇ ਨਾਲ ਪਕੜ ਕੇ ਅੱਗ ਵਿੱਚ ਸੁਟਣਾ ਕੱਚਾ ਪੱਕਾ ਭੁੰਨ ਕੇ ਬੱਚਿਆਂ ਨੂੰ ਖਲਾ ਦੇਣਾ। ਨੋਨੂੰ ਇਨ੍ਹਾਂ ਚੂਹਿਆਂ ਨੂੰ ਵੇਖ ਕੇ ਡਰ ਗਿਆ। ਸੋਚੇ ਇਹ ਲੋਕ ਇੰਨੇ ਚੂਹੇ ਖਾਂਦੇ ਨੇ? ਪਰ ਡਰਿਆ ਹੋਇਆ ਕਿਸੇ ਨਾਲ ਕੋਈ ਗੱਲ ਦੀ ਸਾਂਝ ਨਹੀਂ ਸੀ ਪਾ ਸਕਦਾ। ਦੂਜਾ ਦਿਨ ਚੜ੍ਹਿਆ ਮਾਲਕ ਨੇ ਚੂਹਿਆਂ ਦੀ ਸਾਂਭ ਸੰਭਾਲ ਇਸ ਨੂੰ ਸੌਂਪੀ। ਚੂਹਿਆਂ ਦੇ ਪਿੰਜਰੇ ਨੂੰ ਸਾਫ਼ ਕਰਨਾ, ਮਰਿਆਂ ਨੂੰ ਕੱਢਣਾ, ਜ਼ਖਮ ਤੇ ਕੋਈ ਦਵਾਈ ਲਾਣੀ। ਨੋਨੂੰ ਜਿੰਦੇ ਚੂਹੇ ਨੂੰ ਹੱਥ ਲਾਂਦਾ ਡਰਦਾ ਸੀ। ਮਰੇ ਨੂੰ ਤਾਂ ਕਿਵੇਂ ਚੁੱਕਦਾ। ਕੋਲ ਬੈਠਾ ਉੱਚੀ-ਉੱਚੀ ਰੋਵੇ। ਘਰ ਛੱਡ ਕੇ ਜਾਣ ਲਈ ਬਾਹਰ ਨਿਕਲਣ ਹੀ ਲੱਗਾ ਕਿ ਮਾਲਕ ਨੇ ਸੋਟੀ ਚੁੱਕ ਕੇ ਦੱਬ ਕੇ ਮੇਜ ਤੇ ਮਾਰੀ ਆਖਿਆ ਅਗਲੀ ਸੋਟੀ ਤੇਰੀਆਂ ਲੱਤਾਂ ਤੋੜੇਗੀ। ਡਰਦਾ-ਮਰਦਾ ਕਰਦਾ ਵੀ ਕੀ...।

ਦੁਪਹਿਰ ਤੱਕ ਘਰ ਦਾ ਕੰਮ ਕਰਨਾ ਫੇਰ ਚੂਹਿਆਂ ਦੀ ਸਾਰ ਲੈਣੀ। ਬੇ-ਦਿਲੀ ਹੰਝੂ ਨੂੰ ਛੱਡ ਕੇ ਉਨ੍ਹਾਂ ਨੂੰ ਆਪਣਾ ਮਿੱਤਰ ਹੀ ਸਮਝਣ ਲੱਗਿਆ। ਉਨ੍ਹਾਂ ਨੇ ਕਿਹੜਾ ਕਿਸੇ ਗਲਤ ਵਿਵਹਾਰ ਤੋਂ ਇਸ ਨੂੰ ਗਾਲ੍ਹਾਂ ਕੱਢਣੀਆਂ ਸੀ। ਕੁੱਝ ਦਿਨਾਂ ਬਾਅਦ ਇਸ ਨੂੰ ਪਤਾ ਲੱਗਾ ਕਿ ਬਿਕਾਨੇਰ ਤੋਂ 28 ਕਿਲੋ ਮੀਟਰ ਦੀ ਦੂਰੀ ਤੇ 'ਕਰਨੀ ਮਾਤਾ' ਦੇ ਮੰਦਿਰ ਵਿੱਚ ਇਹ ਚੂਹੇ ਪਹਿਲਾਂ ਚੜ੍ਹੇ ਲੱਡੂ ਖਾਂਦੇ ਨੇ ਤੇ ਫੇਰ ਓਹੋ ਲੱਡੂ ਸ਼ਰਧਾਲੂਆਂ ਵਿੱਚ ਵੰਡੇ ਜਾਂਦੇ ਨੇ। ਸੋਚੇ ਕਿ ਮਾਂ ਪਤਾ ਇਨ੍ਹਾਂ ਨੂੰ ਕੱਚੇ ਪੱਕੇ ਅੱਗ ਵਿੱਚ ਸੇਕ ਕੇ ਖਿਲਾ ਦਿੰਦੀ ਸੀ, ਮੈਨੂੰ। ਉਥੇ ਇਨ੍ਹਾਂ ਦੇ ਮੂੰਹ ਲੱਗਿਆ ਲੱਡੂ ਕਰਨੀ ਮਾਤਾ ਮੰਦਿਰ ਦੇ ਸ਼ਰਧਾਲੂ ਖਾਂਦੇ ਨੇ, ਛੋਟਾ ਸੀ ਹਰ ਗੱਲ ਥੋੜ੍ਹੀ ਦੇਰ ਸੋਚਦਾ ਭੁੱਲ ਜਾਂਦਾ ਤੇ ਸੋਚਣ ਲਈ ਕੋਈ ਸਮਾਂ ਵੀ ਨਹੀਂ ਸੀ ਹੁੰਦਾ। ਇਕ ਕੰਮ ਤੋਂ ਬਾਅਦ ਦੂਸਰਾ ਤਿਆਰ ਹੀ ਕਰਨ ਲਈ ਹੁੰਦਾ ਸੀ। ਇਸ ਤਰ੍ਹਾਂ ਹੀ ਮਹੀਨਾ ਕੁ ਲੰਘਿਆ। ਇਸ ਦਾ ਕੰਮ ਵੇਖ ਕੇ ਮਾਲਕ ਨੂੰ ਨੋਨੂੰ ਤੇ ਕੁਝ ਭਰੋਸਾ ਹੋਇਆ ਅਤੇ ਆਖਿਆ ਕਿ ਬਾਹਰ ਵੇਹੜੇ ਵਿੱਚ ਜੋ ਬੱਚੇ ਖੇਡ ਕੇ ਖਿਲਾਰੇ ਪਾਉਂਦੇ ਨੇ ਉਸ ਨੂੰ ਹਰ ਰੋਜ਼ ਸਾਫ਼ ਕਰਿਆ ਕਰ, ਚਾਰ ਦਿਵਾਰੀ ਵਿੱਚ ਡੱਕਿਆ ਗੁਲਾਮੀ ਦਾ ਜੀਵਨ ਭੋਗਦੇ ਨੂੰ ਇਹ ਕੰਮ ਕਰਨਾ ਚੰਗਾ ਲੱਗਿਆ। ਹੌਲੀ-ਹੌਲੀ ਕੁਝ ਬੱਚਿਆਂ ਨੂੰ ਜਾਨਣ ਲੱਗਿਆ ਤੇ ਕਿੰਨੀ ਵਾਰੀ ਮੰਜੇ ਤੋਂ ਘਰ ਦੇ ਬੱਚੇ ਦੀ ਸਲੇਟ ਕਿਤਾਬ ਪਈ ਚੁੱਕਿਆ ਕਰੇ ਖੋਲ ਕੇ ਵੇਖੇ ਬਸ ਗਿਣਤੀ ਦੇ ਹਿੰਦਸੇ ਹੀ ਪਹਿਚਾਣ ਸਕੇ। ਸਕੂਲ ਵਿੱਚ ਇਸ ਨੂੰ ਹਿੰਦੀ ਦੇ ਅੱਖਰਾਂ ਦੀ ਵੀ ਪਹਿਚਾਨ ਹੋ ਗਈ ਸੀ ਭਾਵੇਂ ਜੁੜਵੇਂ ਅੱਖਰ ਘੱਟ ਹੀ ਪੜ੍ਹ ਸਕਦਾ ਸੀ, ਹਰ ਰੋਜ਼ ਆਪਣੀਆਂ ਹੱਡੀਆਂ ਸਰੀਰ ਦੀ ਥਕਾਵਟ ਦੀ ਨਾ ਪ੍ਰਵਾਹ ਕਰਦੇ ਤਾਂ ਉਨ੍ਹਾਂ ਕੋਲ ਇਕ ਪਾਸੇ ਜਹੇ ਹੋ ਕੇ ਵੇਖਣਾ। ਉਨ੍ਹਾਂ ਬੱਚਿਆਂ ਵਿੱਚ ਇਕ ਬੱਚਾ ਬਸ ਕੁਰਸੀ ਤੇ ਬੈਠਦਾ ਸੀ ਉਸ ਦੀ ਲੱਤ ਖਰਾਬ ਸੀ। ਤੁਰ ਫਿਰ ਨਹੀਂ ਸੀ ਸਕਦਾ ਪਰ ਕੁੱਝ ਖੇਡ ਦੇ ਬੱਚਿਆ ਨੂੰ ਵੇਖਦੇ ਤੇ ਕੁੱਝ ਪੜ੍ਹਦੇ ਵੀ ਰਹਿਣ। ਨੋਨੂੰ ਹੌਲੀ-ਹੌਲੀ ਉਸ ਕੋਲ ਪਹੁੰਚਣ ਲੱਗਾ। ਉਸ ਦੀਆਂ ਗਿਰੀਆਂ ਚੀਜ਼ਾਂ ਚੁੱਕ ਕੇ ਦੇਣੀਆਂ ਜੋ ਉਸ ਆਖਣਾ ਉਹ ਕੰਮ ਵੀ ਕਰ ਦੇਣਾ। ਕੁਝ ਦਿਨਾਂ ਬਾਅਦ ਉਹੋ ਬੱਚਾ 'ਰਾਜ' ਉਸ ਵਾਸਤੇ ਹਿੰਦੀ ਦਾ ਕਾਇਦਾ ਲਿਆਇਆ ਤੇ ਪੜ੍ਹਾ ਵੀ ਦਿੰਦਾ ਸੀ। ਨੋਨੂੰ ਦੇ ਬਾਹਰ ਨਿਕਲਣ ਤੇ ਜੋ ਬਾਹਰਲੇ ਲੋਕ ਕਿਸੇ ਕੰਮ ਲਈ ਘਰ ਆਉਂਦੇ ਸਨ ਉਨ੍ਹਾਂ ਦੀ ਇਸ ਨੂੰ ਪਹਿਚਾਣ ਹੋਣ ਲੱਗੀ। ਹੌਲੀ-ਹੌਲੀ ਪਤਾ ਲੱਗਾ ਕਿ ਲੋਕ ਇਥੋਂ ਚੂਹੇ ਖਰੀਦ ਕੇ ਵੀ ਲੈ ਕੇ ਜਾਂਦੇ ਨੇ। ਇਸ ਤਰ੍ਹਾਂ ਜਦੋਂ ਮਾਲਕ ਨਾ ਹੋਇਆ ਕਰੇ ਉਨ੍ਹਾਂ ਦੇ ਫੋਨ ਨੰਬਰ ਘਰ ਦਾ ਪਤਾ ਕਾਗਜ਼ ਤੇ ਲਿਖਵਾ ਲਿਆ ਕਰੇ।

ਪਤਾ ਨਹੀਂ ਚੂਹਿਆਂ ਵਿੱਚ ਕੀ ਬਿਮਾਰੀ ਫੈਲੀ ਇਕੱਠੇ ਹੀ ਵੀਹ ਪੱਚੀ ਚੂਹੇ ਪਿੰਜਰੇ ਵਿੱਚ ਮਰ ਗਏ। ਸਾਰਾ ਘਰ ਗੰਦੀ ਹਵਾ ਨਾਲ (ਬਦਬੋ) ਭਰ ਗਿਆ। ਨੋਨੂੰ ਦਾ ਕੰਮ ਵਧਿਆ। ਉਸ ਨੂੰ ਠੀਕ ਦੇਖਭਾਲ ਨਾ ਕਰਨ ਲਈ ਮਾਰ ਵੀ ਅੰਤਾਂ ਦੀ ਪਈ ਅਤੇ "ਆਖਿਆ ਥੋਹੜੀ ਜਿਹੀ ਸ਼ਾਮ ਢਲਣ ਤੇ ਭਾਵ ਰਾਤ ਹੁੰਦੇ ਹੀ ਇਨ੍ਹਾਂ ਨੂੰ ਮਰਿਆਂ ਨੂੰ ਸੁੱਟ ਕੇ ਆਉਣਾ ਹੈ।" ਇਨ੍ਹਾਂ ਮਰਿਆਂ ਚੂਹਿਆਂ ਨੂੰ ਸੁੱਟ ਕੇ ਆਉਣਾ ਦਸ ਕੁ ਮਿੰਟਾਂ ਦਾ ਕੰਮ ਸੀ। ਨੋਨੂੰ ਹਿਚਕੀਆਂ ਲੈਂਦਾ ਹੰਝੂ ਵਹਾਦਾਂ ਲੱਤ ਤੇ ਪਿੱਠ ਸੋਟੀਆਂ ਦੀ ਮਾਰ ਕਾਰਨ ਅੱਧ ਮੋਇਆ ਹੋਇਆ ਸੀ। ਕਦਮ ਚੁੱਕੇ ਨਾ ਜਾਣ ਤੇ ਥੈਲੇ ਵਿੱਚ 25 ਚੂਹਿਆਂ ਦੀਆਂ ਲਾਸ਼ਾਂ ... ਘਰ 'ਚੋਂ ਨਿਕਲਦੇ ਇਕ ਕਿਤਾਬ ਦੇ ਹੇਠਾਂ ਇਕ ਨੋਟ ਜੋ ਅੱਧਾ ਕੁ ਪਿਆ ਵਿਖਾਈ ਦਿੱਤਾ ਆਪਣੇ ਆਲੇ ਦੁਆਲੇ ਵੇਖਦੇ ਕਿ ਕੋਈ ਹੈ ਤਾਂ ਨਹੀਂ ਚੁੱਕ ਕੇ ਜੇਬ ਵਿੱਚ ਪਾਇਆ। ਘਰ ਹਾਲੇ ਚੂਹੇ ਮਰਨ ਦੀ ਜਗ੍ਹਾ ਤੋਂ ਅੱਧਾ ਕੁ ਰਸਤਾ ਹੀ ਤੈਅ ਕੀਤਾ ਸੀ ਦੂਰੋਂ ਇਕ ਥ੍ਰੀ ਵੀਲਰ ਆਉਂਦਾ ਵਿਖਾਈ ਦਿੱਤਾ। ਇਕ ਪੱਥਰ ਦੀ ਓਟ ਵਿੱਚ ਚੂਹੇ ਦੇ ਥੈਲੇ ਨੂੰ ਰੱਖ ਕੇ ਥ੍ਰੀ ਵੀਲਰ ਨੂੰ ਇਕ ਮੰਦਰ ਜਾਣ ਲਈ ਕਿਹਾ। ਉਸ ਮੰਦਿਰ ਕੋਲ ਹੀ ਬਸ ਸਟੈਂਡ ਸੀ ਬਸ ਸਟੈਂਡ ਤੇ ਜਾ ਕੇ ਬਿਨਾਂ ਦੇਖੇ ਬਸ ਵਿੱਚ ਚੜ੍ਹ ਗਿਆ। ਥੋੜ੍ਹੀ ਹੀ ਦੂਰੀ ਤੋਂ ਉਤਰ ਕੇ ਉਥੇ ਰਾਤ ਗੁਜ਼ਾਰੀ।

ਗਰਮੀਆਂ ਦੇ ਦਿਨ ਹੀ ਸਨ। ਦੂਜੇ ਦਿਨ ਮਾਂ ਬਾਪ ਵਾਲੀ ਝੌਂਪੜੀ ਕੋਲ ਪਹੁੰਚਿਆ। ਉਥੇ ਕੋਈ ਨਹੀਂ ਸੀ। ਪੁੱਛਿਆ ਇੱਧਰ ਉਧਰ ਵੇਖਿਆ ਕਿਸੇ ਨੇ ਦੱਸਿਆ ਬਾਪ ਨੇ ਅਜਿਹਾ ਨਸ਼ਾ ਕੀਤਾ ਕਿ ਉਹ ਦੁਨੀਆ ਤੋਂ ਚਲਾ ਗਿਆ ਤੇ ਮਾਂ ਤੇ ਨਿਕੜੀ (ਭੈਣ) ਨੂੰ ਕਿਸੇ ਨੇ ਕਿਸੇ ਬਿਰਧ ਘਰ ਵਿੱਚ ਕੰਮ ਕਰਨ ਲਈ ਲਗਾ ਦਿੱਤਾ। ਨੋਨੂੰ ਦੋ ਘੰਟੇ ਕੋਈ ਮਜ਼ਬੂਰੀ ਕਰਕੇ ਕਦੀ ਜੂਠਾ ਸੁੱਟਿਆ ਹੀ ਖਾ ਕੇ ਸਾਰਾ ਦਿਨ ਮਾਂ ਨੂੰ ਲੱਭਦਾ-ਲੱਭਦਾ ਹਾਰ ਗਿਆ। ਉਸ ਦੇ ਦੁੱਖਾਂ ਦਾ ਸਾਥ ਨਿਭਾਉਣ ਵਾਲਾ ਕੋਈ ਨਹੀਂ ਸੀ। ਪਰ ਹਾਂ ਸਾਥ ਦੇਣ ਵਾਲੇ ਅਨੇਕ ਸਨ। ਅੱਖਾਂ ’ਚੋਂ ਵੱਗਦੇ ਹੰਝੂ, ਹਾਲੇ ਸਾਹਾਂ ’ਚ, ਮਾਰ ਦੀ ਵਛਾੜ ਦੀ ਯਾਦ, ਭੁੱਖਾ ਢਿੱਡ ਤੇ ਵਿਲਕਦਾ ਬਚਪਨ ਕੰਨਾ ਵਿੱਚ ਅਸਹਿ ਗਾਲ੍ਹਾਂ ਦੀਆਂ ਆਵਾਜ਼ਾਂ ਕਿੰਨੇ ਹੀ ਦਿਨ ਇਸ ਤਰ੍ਹਾਂ ਨਿਕਲ ਗਏ। ਜਿੱਥੇ ਵੀ ਪੇਟ ਭਰਨ ਲਈ ਕੋਈ ਕੰਮ ਕਰਦਾ ਝੁੱਗੀ ਦੀ ਯਾਦ ਨਾ ਜਾਂਦੀ। ਵੇਹਲ ਮਿਲਦੀ ਉਥੇ ਆਉਣਾ ਤੇ ਉਸ ਜਗ੍ਹਾ ਨੂੰ ਵੇਖਣਾ ਫੁੱਟ-ਫੁੱਟ ਕੇ ਰੋਣਾ।

ਇਕ ਦਿਨ ਕੋਈ ਕੰਮ ਨਾ ਮਿਲਿਆ। ਕਿਸੇ ਗੱਲੋਂ ਸ਼ਹਿਰ ਵਿੱਚ ਹੜਤਾਲ ਸੀ। ਭੁੱਖ ਢਿੱਡ ਦੀ ਸਤਾ ਰਹੀ ਸੀ। ਕੁਝ ਬਿਨਾ ਕੰਮ ਕਰੇ ਤੋਂ ਹੀ ਥਕਿਆ ਟੁੱਟਿਆ ਲੱਗ ਰਿਹਾ ਸੀ। ਫਿਰ ਝੌਂਪੜੀ ਦੇ ਨੇੜੇ ਜਿਹੇ ਆ ਕੇ ਪਿੱਪਲ ਦੇ ਦਰਖਤ ਦੇ ਹੇਠਾਂ ਗੋਡਿਆਂ ’ਚ ਸਿਰ ਦੇ ਕੇ ਮਾਂ ਨੂੰ, ਨਿਕੜੀ ਭੈਣ ਨੂੰ ਯਾਦ ਕਰ-ਕਰ ਰੋ ਰਿਹਾ ਸੀ। ਅਚਾਨਕ ਝੁਗੀ ’ਚ ਹੀ ਰਹਿੰਦਾ ਕੁਝ ਜਾਣਿਆ ਪਹਿਚਾਣਿਆ ਉਸ ਦੀ ਹੀ ਉਮਰ ਦਾ ਲੜਕਾ ਉਸ ਨੂੰ ਵੇਖ ਕੇ ਉਸ ਕੋਲ ਆ ਬੈਠਿਆ ਤੇ ਨੋਨੂੰ ਦੀ ਮਾਂ ਦਾ ਅਫਸੋਸ ਕਰਨ ਲੱਗਾ। ਨੋਨੂੰ ਨੂੰ ਬਾਪ ਮਰੇ ਦਾ ਪਤਾ ਸੀ। ਮਾਂ-ਭੈਣ ਨੂੰ ਤਾਂ ਲੱਭਦਾ ਫਿਰਦਾ ਸੀ। ਇਸ ਲਈ ਪੁੱਛਿਆ “ਕਿਸ ਦਾ ਅਫ਼ਸੋਸ ਕਰਦਾ ਪਿਆ ਏਂ?” “ਤੇਰੀ ਮਾਂ ਦਾ ਜੋ ਮਰੀ ਹੈ” ਨੋਨੂੰ ਹੈਰਾਨ ਪਰੇਸ਼ਾਨ ਹੋਇਆ ਪੁੱਛਿਆ “ਕੀ ਹੋਇਆ ਸੀ।” ਸੜਕ ਤੇ ਜਾਂਦੀ ਨੂੰ ਰੋਟੀ ਡਿੱਗੀ ਵਿਖਾਈ ਦਿੱਤੀ ਚੁੱਕਣ ਲੱਗੀ ਉਧਰੋਂ ਦੋ ਕੁੱਤੇ ਆ ਰਹੇ ਸੀ। ਉਸ ਨੇ ਹੱਥ ਵਿੱਚ ਇੱਟ ਚੁੱਕੀ ਹੀ ਸੀ ਕਿ ਦੋਵਾਂ ਨੇ ਆ ਕੇ ਲੱਤ ਤੇ ਢਿੱਡ ਵਿੱਚ ਆਪਣੇ ਦੰਦ ਖੋਭ ਦਿੱਤੇ ਲਹੂ ਲੁਹਾਣ ਹੋ ਗਈ। ਬਸ ਦੋ ਦਿਨਾਂ ਵਿੱਚ ਹੀ ਦੁਨੀਆਂ ਛੱਡ ਗਈ। ਨਿਕੜੀ ਦਾ ਕੋਈ ਪਤਾ ਨਹੀ। ਨੋਨੂੰ ਤਾਂ ਪਹਿਲਾਂ ਹੀ ਢਿੱਡੋਂ ਭੁੱਖਾ ਕੁਰਲਾ ਰਿਹਾ ਸੀ। ਸੁਣ ਕੇ ਇਕ ਦਮ ਬੇਹੋਸ਼ ਹੋ ਕੇ ਗਿਰ ਗਿਆ। ਸਾਹਮਣੇ ਤੋਂ ਕੋਈ ਆ ਰਿਹਾ ਸੀ, ਉਸ ਨੇ ਨਾਲ ਦੀ ਝੌਂਪੜੀ ’ਚੋਂ ਪਾਣੀ ਲੈ ਕੇ ਨੋਨੂੰ ਦੇ ਮੂੰਹ ਤੇ ਛਿੱਟੇ ਪਾਏ ਹੌਲੀ-ਹੌਲੀ ਅੱਖਾਂ ਮਿਚੀਆਂ ਹੋਈਆਂ ਹਾਏ ਦੋਹਾਈ ਪਾਉਂਦਾ ਉਠ ਕੇ ਬੈਠਾ। ਪਾਣੀ ਦਾ ਛਿੱਟਾ ਦੇਣ ਵਾਲੇ ਨੇ ਉਸ ਦਾ ਸਿਰ ਪਲੋਸਿਆ। ਬਾਂਹ ਪਕੜ ਕੇ ਖੜਾ ਕੀਤਾ। ਸਾਹਮਣੇ ਜਾਂਦੀ ਰਿਕਸ਼ਾ ਨੂੰ ਬੁਲਾਇਆ ਅਤੇ ਉਸ ਵਿੱਚ ਜਦੋਂ ਨੋਨੂੰ ਨੂੰ ਬੈਠਣ ਲਈ ਆਖਿਆ ਨੋਨੂੰ ਨੇ ਅੱਖ ਖੋਲ੍ਹੀ ਵੇਖਿਆ ਕਿ ਇਹ ਤਾਂ ਚੂਹਿਆਂ ਦੇ ਘਰ ਵਾਲਾ ਮਾਲਕ ਸੀ। ਨਾ ਜਾਣਾ ਚਾਹੁੰਦਾ ਵੀ ਰਿਕਸ਼ਾ ਵਿੱਚ ਬੈਠਾ ਸੋਚੇ ‘ਮੇਰੀ ਦੁਨੀਆਂ ਕਿਹੋ ਜਿਹੇ ਅਣਬੋਲ, ਧਰਤੀ ਤੇ ਰੀਂਗਦੇ ਛੋਟੇ-ਛੋਟੇ ਜਾਨਵਰਾਂ ਨਾਲ ਕੱਟ ਰਹੀ ਹੈ। ਇਹ ਉਹ ਰੱਬ ਦੇ ਜੀਅ ਨੇ ਜੋ ਅਧਸੜੇ ਜਹੇ ਹੋ ਕੇ ਕਿਸੇ ਦੀ ਭੁੱਖ ਮਿਟਾਂਦੇ ਨੇ ਕਿਤੇ ਮੰਦਿਰਾਂ ਵਿੱਚ ਆਪਣਾ ਮੂੰਹ ਲਗਾ ਕੇ ਲੱਡੂਆਂ ਨੂੰ ਭੋਗ ਬਣਾਉਂਦੇ ਨੇ ਤੇ ਕਿਤੇ ਡਾਕਟਰੀ ਪੜ੍ਹਦੇ ਲੋਕਾਂ ਦੇ ਕੰਮ ਆਉਂਦੇ ਨੇ ’ਤੇ ਮੈਂ... ਮੇਰਾ ਸਮਾਂ... ਬਸ ਨਾ ਚਾਹੁੰਦੇ ਹੋਏ ਵੀ ਰੋਟੀ ਦੇ ਟੁਕਰ ਲਈ... ਨਹੀਂ ਨਹੀਂ ਮੈਂ ਗੁਲਾਮ ਨਹੀਂ। ਮੈਂ ਇਸ ਮਾਲਕ ਕੋਲ ਵੇਚਿਆ ਵੀ ਨਹੀਂ ਸੀ ਗਿਆ। ਮੈਂ ਪਰਾਏ ਦੇਸ਼ ਵਿਚ ਵੀ ਨਹੀਂ ਆਪਣੇ ਘਰ ਕੋਲ ਹੀ ਤਾਂ ਹਾਂ।’ ਸੋਚ ਕੇ ਰਿਕਸ਼ਾ ਵਾਲੇ ਨੂੰ ਠਹਿਰਨ ਨੂੰ ਆਖਿਆ ਹੀ ਸੀ ਕਿ ਮਾਲਕ ਨੇ ਸਾਹਮਣੇ ਤੋਂ ਦੋ ਪੁਲਿਸ ਵਾਲੇ ਖੜੇ ਵਿਖਾਏ... ਨੋਨੂੰ ਪੁਲਿਸ ਵਾਲਿਆਂ ਦੇ ਹੱਥਾਂ ਵਿੱਚ ਸੋਟੀ ਤੇ ਹੱਥ-ਕੜੀਆਂ ਵੇਖ ਕੇ... ਮਾਲਕ ਦੇ ਨਾਲ...

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। ‘ਲੁਬਾਣਾ ਸੇਵਕ’ ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ ’ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

# ਬੱਚਿਆਂ ਦੀ ਯੋਗ ਸਿੱਖਿਆ ਅਤੇ ਕੰਮਕਾਜ ਪ੍ਰਾਪਤੀਆਂ ਦੀਆਂ ਕੁਝ ਯਾਦਾਂ

ਗੁਰੂ ਮਹਾਰਾਜ ਦੀ ਆਪਾਰ ਕਿਰਪਾ ਅਤੇ ਦੋਸਤਾਂ ਮਿੱਤਰਾਂ ਦੇ ਬਰ-ਵਕਤ ਵੱਡਮੁੱਲੇ ਯੋਗਦਾਨ ਸਦਕਾ ਸਾਰੇ ਬੱਚੇ ਉਚੇਰੀ ਸਿੱਖਿਆ ਅਤੇ ਯੋਗ ਕੰਮਕਾਜ ਦੀ ਪ੍ਰਾਪਤੀ ਲਈ ਬੜੇ ਖੁਸ਼-ਨਸੀਬ ਸਿੱਧ ਹੋਏ। ਤਿੰਨੇ ਬੇਟੀਆਂ ਆਪਣੇ ਪਾਪਾ ਦੇ ਨਕਸ਼ੇ ਕਦਮ ਤੇ ਚਲਦੀਆਂ ਹੋਈਆਂ ਕਾਲਜ ਲੈਕਚਰਾਰ ਨਿਯੁਕਤ ਹੋਈਆਂ ਅਤੇ ਦੋਵੇਂ ਬੇਟੇ ਪ੍ਰੋਫੈਸ਼ਨਲ ਅਤੇ ਪ੍ਰਬੰਧਕੀ ਅਫਸਰਾਂ ਵਜੋਂ ਰੋਜ਼ੀ ਰੋਟੀ ਕਮਾਉਂਦੇ ਰਹੇ।

**ਜਗਤਾਰ ਸਿੰਘ :** ਜਿਵੇਂ ਕਿ ਪਹਿਲਾਂ ਵੀ ਜ਼ਿਕਰ ਹੋਇਆ ਹੈ ਜਗਤਾਰ (ਕਾਕਾ) ਨੂੰ ਇੰਜੀਨੀਅਰਿੰਗ ਡਿਗਰੀ ਮਿਲਣ ਤੋਂ ਬਾਅਦ ਜਲਦੀ ਹੀ ਨਵੰਬਰ 1972 ਵਿੱਚ ਪੰਜਾਬ ਐਗਰੋ ਇੰਡਸਟਰੀਅਲ ਕਾਰਪੋਰੇਸ਼ਨ, ਚੰਡੀਗੜ੍ਹ ਵਿਖੇ ਟੈਕਨੀਕਲ ਅਸਿਸਟੈਂਟ ਦੀ ਜਾਬ ਮਿਲ ਗਈ ਸੀ। ਜਨਵਰੀ 1975 ਵਿੱਚ ਡਿਸਟਰਿਕਟ ਮੈਨੇਜਰ ਵਜੋਂ ਪ੍ਰੋਮੋਸ਼ਨ ਹੋ ਗਈ ਅਤੇ ਉਸ ਨੂੰ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਸਰਵਿਸ ਕਰਨ ਦਾ ਮੌਕਾ ਮਿਲਿਆ। 1978 ਵਿੱਚ ਕੁਝ ਸਮੇਂ ਲਈ ਜ਼ਿਲ੍ਹਾ ਕਪੂਰਥਲਾ ਦੇ ਮੈਨੇਜਰ ਵੀ ਰਹੇ ਜਿਥੇ ਉਸ ਦਾ ਦਫਤਰ ਅਮਨ ਨਗਰ ਵਿਖੇ ਹੀ ਘਰ ਤੋਂ ਕੇਵਲ ਸੌ ਮੀਟਰ ਦੇ ਫਾਸਲੇ ਤੇ ਸੀ। ਲਗਭਗ 8 ਸਾਲ ਦੀ ਇਹ ਸਰਵਿਸ ਕਰਨ ਤੋਂ ਬਾਅਦ ਦਸੰਬਰ, 1982 ਵਿੱਚ ਇਕ ਪੰਜਾਬ ਦੀ ਕੰਪਨੀ ਪੰਜਾਬ ਕੈਮੀ ਪਲਾਂਟ ਵੱਲੋਂ ਪ੍ਰੋਜੈਕਟ ਇੰਜੀਨੀਅਰ ਨਿਯੁਕਤ ਹੋ ਕੇ ਬਸਰਾ (ਇਰਾਕ) ਚਲੇ ਗਏ। ਚਾਰ ਸਾਲ ਬਾਅਦ ਵਾਪਸ ਭਾਰਤ ਆ ਗਏ ਅਤੇ ਦੋ ਸਾਲ ਏਸੇ ਕੰਪਨੀ ਵੱਲੋਂ ਰੋਪੜ ਥਰਮਲ ਪਲਾਂਟ ਤੇ ਐਸ.ਡੀ.ਓ. ਦੇ ਤੌਰ 'ਤੇ ਸਰਵਿਸ ਕੀਤੀ। ਜਨਵਰੀ 1989 ਵਿੱਚ ਰੇਲਵੇ ਰੈਕਰੂਟਿੰਗ ਬੋਰਡ, ਚੰਡੀਗੜ੍ਹ ਵੱਲੋਂ ਡੀ.ਸੀ. ਡਬਲਿਯੂ ਪਟਿਆਲਾ ਲਈ ਕੇਵਲ ਇੱਕ ਪ੍ਰੋਡਕਸ਼ਨ ਇੰਜੀਨੀਅਰ ਦੀ ਅਸਾਮੀ ਲਈ ਇਸ਼ਤਿਹਾਰ ਅਖਬਾਰਾਂ ਵਿੱਚ ਪ੍ਰਕਾਸ਼ਤ ਹੋਇਆ। ਸਾਨੂੰ ਬੜੀ ਖੁਸ਼ੀ ਹੋਈ ਜਦੋਂ ਇਸ ਇੱਕਲੀ ਪੋਸਟ ਲਈ ਜਗਤਾਰ ਸਿੰਘ ਦੀ ਸਿਲੈਕਸ਼ਨ ਹੋ ਗਈ। ਪਹਿਲਾਂ ਉਸ ਨੇ ਬਤੌਰ ਡਿਪਟੀ ਸੁਪਰਡੈਂਟ ਸ਼ਾਪ ਜੌਆਇਨ ਕੀਤਾ ਅਤੇ 1993 ਵਿੱਚ ਸੁਪਰਡੈਂਟ ਸ਼ਾਪ ਵਜੋਂ ਉਸ ਦੀ ਪ੍ਰਮੋਸ਼ਨ ਹੋ ਗਈ। ਏਥੇ ਰੇਲਵੇ ਦੀ 22 ਸਾਲ ਦੀ ਸਰਵਿਸ ਉਪਰੰਤ ਉਹ 30 ਨਵੰਬਰ, 2010 ਨੂੰ ਸੀਨੀਅਰ ਸੈਕਸ਼ਨ ਇੰਜੀਨੀਅਰ ਦੇ ਤੌਰ 'ਤੇ ਸੇਵਾ ਮੁਕਤ ਹੋਏ ਅਤੇ ਪੈਨਸ਼ਨ ਪ੍ਰਾਪਤ ਕੀਤੀ। ਵੱਡੀ ਨੂੰਹ ਰਾਣੀ ਸਤਬੀਰ ਕੌਰ ਐਮ.ਏ., ਬੀ.ਐੱਡ. ਆਰਬਿੰਦੋ ਇੰਟਰਨੈਸ਼ਨਲ ਸਕੂਲ, ਪਟਿਆਲਾ ਤੋਂ ਲੈਕਚਰਾਰ ਵਜੋਂ ਸੇਵਾ ਮੁਕਤ ਹੋਏ ਹਨ। ਉਨ੍ਹਾਂ ਨੇ ਪਟਿਆਲਾ ਦੀ ਅਲੀਪੁਰ ਰੋਡ ਤੇ ਘੁੰਮਣ ਨਗਰ ਵਿਖੇ ਇੱਕ ਨਵਾਂ ਬਣਿਆ ਸੁੰਦਰ ਘਰ ਖਰੀਦ ਲਿਆ। ਉਨ੍ਹਾਂ ਦੀਆਂ ਦੋਵੇਂ ਬੇਟੀਆਂ ਨੇ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰ ਲਈ। ਵੱਡੀ ਨਵਨੀਤ ਨੂੰ ਫੌਜ ਦੀ ਇੰਜੀਨੀਅਰਿੰਗ ਰਜਮੈਂਟ ਵਿੱਚ ਕਮਿਸ਼ਨ ਮਿਲ ਗਿਆ ਸੀ ਅਤੇ ਹੁਣ ਲੈਫ. ਕਰਨਲ ਹੈ। ਛੋਟੀ ਪੁਨੀਤ ਦੀ ਸ਼ਾਦੀ ਅਮਰੀਕਾ ਦੇ ਇੱਕ ਇੰਜੀਨੀਅਰ ਲੜਕੇ ਨਾਲ ਹੋ ਗਈ ਜਿੱਥੇ ਜਾ ਕੇ ਉਸ ਨੇ ਐਮ.ਐਸ. ਕਰ ਲਿਆ ਅਤੇ ਇੱਕ ਉਚੇਰੀ ਪਦਵੀ ਦੀ ਗੌਰਮਿੰਟ ਨੌਕਰੀ ਕਰ ਰਹੀ ਏ। ਬੇਟਾ ਜਗਮੀਤ ਸਿੰਘ ਬੀ.ਟੈਕ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰਕੇ ਮੁਹਾਲੀ ਵਿਖੇ ਇੱਕ ਪ੍ਰਸਿੱਧ ਕੰਪਨੀ ਵਿੱਚ ਨੌਕਰੀ ਕਰ ਰਿਹਾ ਹੈ। ਆਪਣੇ ਨਾਲ ਕੰਮ ਕਰਦੀ ਇਕ ਸੁੰਦਰ ਕੁੜੀ ਸ਼ਿਵਾਨੀ ਨਾਲ 3.12.2017 ਨੂੰ ਸ਼ਾਦੀ ਹੋ ਗਈ।

ਮਿਤੀ 13 ਮਾਰਚ, 2019 ਨੂੰ ਪਰਿਵਾਰ ਤੇ ਇਕ ਵਾਰ ਫਿਰ ਰੱਬੀ ਕਹਿਰ ਨਾਜ਼ਲ ਹੋਇਆ ਅਤੇ ਪਰਿਵਾਰ ਦੇ ਵੱਡੇ ਫਰਜ਼ੰਦ ਅਤੇ ਸਾਰਿਆਂ ਦੇ ਪਿਆਰੇ (ਕਾਕਾ ਜੀ) ਇੰਜ. ਜਗਤਾਰ ਸਿੰਘ ਕੁਝ ਸਮਾਂ ਬੀਮਾਰ ਰਹਿਣ ਉਪਰੰਤ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਸਾਹ ਦੇ ਰੋਗ ਤੋਂ ਪੀੜਤ ਸਨ ਜੋ ਦਵਾਈਆਂ ਸਦਕਾ ਹਰ ਤਰ੍ਹਾਂ ਨਾਲ ਕੰਟਰੋਲ ਵਿੱਚ ਰਹਿੰਦਾ ਸੀ। ਪਰ ਇਕ ਫੇਫੜੇ ਦੀ ਕਮਜ਼ੋਰੀ ਕਾਰਨ ਲਗਭਗ ਚਾਰ ਮਹੀਨੇ ਤੋਂ ਪੀਜੀਆਈ ਚੰਡੀਗੜ੍ਹ ਦੇ ਜ਼ੇਰੇ ਇਲਾਜ ਸਨ, ਜਿਥੇ ਉਨ੍ਹਾਂ ਦੇ ਫੇਫੜਿਆਂ ਦੀ ਫੰਗਸ ਇਨਫੈਕਸ਼ਨ ਦਾ ਪਤਾ ਲੱਗਾ ਜੋ ਠੀਕ ਨਾ ਹੋ ਸਕੀ। ਖਾਣਾ ਪੀਣਾ ਘੱਟਦਾ ਗਿਆ ਸਰੀਰਕ ਕਮਜ਼ੋਰੀ ਵੱਧਦੀ ਗਈ। ਆਖਰੀ 15 ਦਿਨ ਡੀ.ਐਮ.ਸੀ. ਹਸਪਤਾਲ ਲੁਧਿਆਣਾ ਦੇ ਆਈ.ਸੀ.ਯੂ. ਵਾਰਡ ਵਿੱਚ ਵੀ ਦਾਖਲ ਰਹੇ ਪਰ ਰੋਗ ਤੋਂ ਕੋਈ ਰਾਹਤ ਨਸੀਬ ਨਾ ਹੋਈ ਅਤੇ ਅੰਤ ਨੂੰ ਹਸਪਤਾਲ ਵਿਖੇ ਹੀ ਸਵਾਸ ਪੂਰੇ ਹੋ ਗਏ। ਸਰੀਰਕ ਸਸਕਾਰ 14 ਮਾਰਚ ਨੂੰ ਕਪੂਰਥਲਾ ਵਿਖੇ ਕੀਤਾ ਗਿਆ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਅੰਤਿਮ ਅਰਦਾਸ 24 ਮਾਰਚ ਨੂੰ ਕੀਤੀ ਗਈ। ਇਸ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੰਗਤਾਂ ਵੱਡੀ ਗਿਣਤੀ ਵਿੱਚ ਗੁਰੂ ਘਰ ਵਿੱਚ ਹਾਜ਼ਰ ਹੋਈਆਂ। ਉਨ੍ਹਾਂ ਦੀ ਛੋਟੀ ਬੇਟੀ ਪੁਨੀਤ ਕੌਰ ਅਮਰੀਕਾ ਤੋਂ ਅਤੇ ਭੈਣ ਬਰਿੰਦਰ ਕੌਰ ਕੈਨੇਡਾ ਤੋਂ ਵੀ ਸਸਕਾਰ ਵੇਲੇ ਪਹੁੰਚ ਗਏ ਸਨ। ਉਪਰੰਤ 7 ਅਪ੍ਰੈਲ, 2019 ਨੂੰ ਪਰਿਵਾਰ ਦੀ ਸੁਖਸ਼ਾਂਤੀ ਲਈ ਉਨ੍ਹਾਂ ਦੇ ਘੁੰਮਣ ਨਗਰ, ਪਟਿਆਲਾ ਦੇ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਅਤੇ ਕਾਕਾ ਜੀ ਵੱਲੋਂ ਖੁਦ ਕੀਤੇ ਸਹਿਜ ਪਾਠ ਦੇ ਭੋਗ ਪਾਏ ਗਏ, ਧੁਰ ਕੀ ਬਾਣੀ ਦਾ ਕੀਰਤਨ ਹੋਇਆ ਅਤੇ ਗੁਰੂ ਕਾ ਲੰਗਰ ਸੰਗਤਾਂ ਵਿੱਚ ਵਰਤਾਇਆ ਗਿਆ।

**ਵਰਿਆਮ ਸਿੰਘ**
**ਪੀ.ਈ.ਐੱਸ. (1)**
**ਪ੍ਰਿੰਸੀਪਲ (ਰਿਟਾਇਰਡ)**
**M.: 75290-32619**

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ।**
**ਕੱਖਾਂ ਵਾਂਗੂ ਰੁੱਲ ਜਾਵੋਗੇ।**

ਸਿਹਤ ਸੰਭਾਲ

# ਚੰਗੀ ਸਿਹਤ ਸਫ਼ਲਤਾ ਦੀ ਕੁੰਜੀ

ਸਾਡਾ ਜੀਵਨ ਪ੍ਰਮਾਤਮਾ ਦੀ ਅਨਮੋਲ ਦੇਣ ਹੈ। ਇਸ ਜੀਵਨ ਨੂੰ ਇਸ ਜ਼ਿੰਦਗੀ ਨੂੰ ਖੁਸ਼ਗਵਾਰ ਬਣਾਉਣ ਲਈ ਸਾਡਾ ਤੰਦਰੁਸਤ ਰਹਿਣਾ ਬਹੁਤ ਜ਼ਰੂਰੀ ਹੈ। ਕਹਿੰਦੇ ਹਨ ਕਿਸੇ ਮਕਾਨ ਦੀ ਨਿਉਂ ਜੇਕਰ ਮਜ਼ਬੂਤ ਹੈ ਤਾਂ ਉਸ ਉਪਰ ਜਿਸ ਤਰ੍ਹਾਂ ਦੀ ਮਰਜ਼ੀ ਉਸਾਰੀ ਕਰ ਲਓ। ਮੇਰਾ ਕਹਿਣ ਤੋਂ ਭਾਵ ਜੇਕਰ ਤੁਸੀਂ ਬਚਪਨ ਤੋਂ ਹੀ ਆਪਣੇ ਸਰੀਰ ਦਾ ਧਿਆਨ ਰੱਖੋਗੇ ਤਾਂ ਅੱਗੇ ਵਾਲੀ ਜ਼ਿੰਦਗੀ ਵਿਚ ਤੁਹਾਡਾ ਸਰੀਰ ਤੁਹਾਨੂੰ ਹਰ ਇਮਤਿਹਾਨ ਵਿਚੋਂ ਪਾਸ ਕਰਵਾਏਗਾ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**




ਅੱਜ ਦੇ ਇਸ ਮੁਕਾਬਲੇ ਦੇ ਯੁੱਗ ਵਿਚ ਆਪਣੀ ਮੰਜ਼ਿਲ ਨੂੰ ਪਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ ਬੜੇ ਮੁਸ਼ਕਿਲ ਹਾਲਾਤਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਜੇਕਰ ਆਪਣੀ ਸਿਹਤ ਤੰਦਰੁਸਤ ਨਹੀਂ ਤਾਂ ਆਪਾਂ ਮੰਜ਼ਲਾਂ ਪਾਉਣਾ ਤਾਂ ਦੂਰ ਦੀ ਗੱਲ ਇਸ ਮੁਕਾਬਲੇ ਦੀ ਰੇਸ ਵਿਚੋਂ ਹੀ ਬਾਹਰ ਹੋ ਜਾਵਾਂਗੇ। ਇਸ ਸਰੀਰ ਨੂੰ ਚੰਗੀਆਂ ਖੁਰਾਕਾਂ ਅਤੇ ਕਸਰਤਾਂ ਨਾਲ ਤੰਦਰੁਸਤ ਰੱਖਿਆ ਜਾ ਸਕਦਾ ਹੈ। ਰੋਜ਼ ਸਵੇਰੇ ਇਕ ਤੋਂ ਡੇਢ ਘੰਟਾ ਕਸਰਤ ਅਤੇ ਸੈਰ ਕਰੋ। ਇਸ ਨਾਲ ਸਾਡੇ ਸਰੀਰ ਦੀ ਦਿੱਖ ਵਧੀਆ ਬਣਦੀ ਹੈ ਅਤੇ ਅਸੀਂ ਕਈ ਬਿਮਾਰੀਆਂ ਤੋਂ ਵੀ ਛੁਟਕਾਰਾ ਪਾ ਲੈਂਦੇ ਹਾਂ। ਆਪਣੇ ਸਰੀਰ ਦੇ ਕਿਸੇ ਅੰਗ ਵਿਚ ਨੁਕਸ ਪੈਣਾ ਮਤਲਬ ਆਪਣੀ ਮੰਜ਼ਿਲ ਤੋਂ ਦੂਰ ਹੋਣਾ ਹੈ। ਸਰੀਰ ਦੇ ਕਿਸੇ ਵੀ ਅੰਗ ਨਾਲ ਲਾਪ੍ਰਵਾਹੀ ਨਾ ਵਰਤੋ। ਜਿਵੇਂ ਪੜ੍ਹਦੇ ਸਮੇਂ ਕਿਤਾਬ ਦੀ ਅੱਖਾਂ ਤੋਂ ਠੀਕ ਢੰਗ ਦੀ ਦੂਰੀ ਬਣਾਈ ਰੱਖੋ ਕਦੇ ਵੀ ਲੇਟ ਕੇ ਨਾ ਪੜ੍ਹੋ। ਪੜ੍ਹਦੇ ਸਮੇਂ ਬੋਰਡ ਤੋਂ ਅੱਖਰ ਨਜ਼ਰ ਨਹੀਂ ਆਉਂਦੇ ਜਾਂ ਧੁੰਦਲ ਨਜ਼ਰਾਂ ਆਉਂਦਾ ਹੈ ਤਾਂ ਤੁਰੰਤ ਆਪਣੇ ਮਾਤਾ ਪਿਤਾ ਨੂੰ ਦੱਸੋ। "ਅੱਖਾਂ ਗਈਆਂ ਜਹਾਨ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਕੋਈ ਚੀਜ਼ ਖਾਣ ਤੋਂ ਬਾਅਦ ਤੁਰੰਤ ਕੁਰਲੀ ਕਰੋ। ਸਵੇਰੇ-ਸ਼ਾਮ ਦੰਦਾਂ ਨੂੰ ਬੁਰਸ਼ ਨਾਲ ਸਾਫ਼ ਕਰੋ ਚਿੱਟੇ ਦੰਦ ਜਿੱਥੇ ਸੁੰਦਰਤਾ ਦੀ ਨਿਸ਼ਾਨੀ ਹਨ ਉਥੇ ਸਾਰੀ ਉਮਰ ਮਜੇਦਾਰ ਭੋਜਨ ਦੇ ਸਵਾਦ ਲੈਣ ਲਈ ਵੀ ਬਹੁਤ ਜ਼ਰੂਰੀ ਹਨ। "ਦੰਦ ਗਏ ਤਾਂ ਸਵਾਦ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਕੰਨਾਂ ਵਿਚ ਕਦੇ ਵੀ ਡੱਕਾ ਜਾਂ ਕੋਈ ਤਿੱਖੀ ਚੀਜ਼ ਨਾ ਮਾਰੋ ਕੰਨ ਵਿਚ ਖੁਜਲੀ ਹੁੰਦੀ ਹੈ ਤਾਂ ਮਾਤਾ ਪਿਤਾ ਨੂੰ ਦੱਸ ਕੇ ਡਾਕਟਰ ਅੰਕਲ ਦੀ ਸਲਾਹ ਲਓ। "ਕੰਨ ਗਏ ਤਾਂ ਰਾਗ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਸਾਰੀਆਂ ਗੱਲਾਂ ਤੋਂ ਜ਼ਰੂਰੀ ਗੱਲ ਕਦੇ ਵੀ ਬਜ਼ਾਰ ਦੀਆਂ ਤਲੀਆਂ ਚੀਜ਼ਾਂ ਖਾਣ ਦੀ ਜਿੱਦ ਨਾ ਕਰੋ। ਇਹਨਾਂ ਦਾ ਆਪਣੇ ਸਰੀਰ ਉਪਰ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ।

ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਪਰ ਬਹੁਤ ਲਾਹੇਵੰਦ ਗੱਲਾਂ ਦਾ ਧਿਆਨ ਰੱਖਕੇ ਸਰੀਰ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ।





**ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਕੰਪਲੈਕਸ 66 ਫੁੱਟੀ ਰੋਡ ਜਲੰਧਰ ਵਿਖੇ ਲੋੜਵੰਦ ਪਰਿਵਾਰਾਂ ਨੂੰ ਸੁੱਕਾ ਰਾਸ਼ਨ ਵੰਡਦੇ ਹੋਏ ਬੀਬਾ ਸਰਬਜੀਤ ਕੌਰ ਕੌਂਸਲਰ ਜਲੰਧਰ, ਐਸ.ਈ. ਸ. ਹਰਭਜਨ ਸਿੰਘ, ਡੀ.ਐਸ.ਪੀ. ਮਹਿੰਦਰ ਸਿੰਘ, ਡਾ. ਕਰਨੈਲ ਸਿੰਘ, ਸ. ਮਨਜੀਤ ਸਿੰਘ, ਡੀ.ਐਸ.ਪੀ. ਅਵਤਾਰ ਸਿੰਘ, ਸ. ਪਰਮਿੰਦਰਜੀਤ ਸਿੰਘ ਅਤੇ ਹੋਰ ਕਮੇਟੀ ਮੈਂਬਰ**

# ਕਾਵਿ-ਕਿਆਰੀ

## ਲ਼ਫਜ਼/ਹਰਬਖ਼ਸ਼ ਸਿੰਘ ਟਾਹਲੀ



ਲਫ਼ਜ਼ਾਂ ਦੀ ਆਰਤੀ ਨਾ ਉਤਾਰੋ
ਲਫ਼ਜ਼ਾਂ ਦੀ ਖ਼ੂਬਸੂਰਤੀ ਤੱਕੋ
ਲਫ਼ਜ਼ਾਂ ਦੀ ਹਿੱਕ ਵਿਚੋਂ ਉਪਜਦੀ
ਰੋਸ਼ਨੀ ਨੂੰ ਨਿਹਾਰੋ
ਤੇ ਉਸ ਰੌਸ਼ਨੀ ਦੀ ਲੋਅ ਵਿਚ
ਝਾਤੀ ਮਾਰੋ ਮੰਜ਼ਲ ਵੱਲ
ਮੰਜ਼ਲ ਦਿਖਾਈ ਦੇਣ ਲੱਗੇਗੀ
ਪਰ ਲਫ਼ਜ਼ਾਂ ਦੀ ਰੌਸ਼ਨੀ
ਦੀ ਕਰਨੀ ਪਵੇਗੀ ਪਛਾਣ
ਤੇ ਇਹਦੀਆਂ ਕਿਰਨਾਂ ਦੇ ਨਾਲ ਪਵੇਗਾ ਤੁਰਨਾ
ਜ਼ਿੰਦਗੀ ਦਾ ਕਾਲਾ ਆਕਾਸ਼
ਪ੍ਰਕਾਸ਼ ਨਾਲ ਭਰ ਜਾਵੇਗਾ।
ਪਿਆਰ ਇਕ ਲਫ਼ਜ਼ ਹੀ ਤੇ ਹੈ
ਪਰ ਜਦੋਂ ਅਹਿਸਾਸ ਵਿਚ ਹੁੰਦਾ ਹੈ ਪ੍ਰਗਟ
ਪੂਰੀ ਕਾਇਨਾਤ ਲਗਦੀ ਹੈ ਝੂਮਣ
ਦੀਦਾਰ ਵੀ ਇਕ ਲਫ਼ਜ਼ ਹੀ ਤੇ ਹੈ
ਪਰ ਜਦੋਂ ਇਹ ਹੁੰਦਾ ਹੈ ਕਿਥੇ
ਤਾਂ ਦਰਗਾਹ ਦੀ ਪਛਾਣ ਹੁੰਦੀ ਹੈ
ਦੀਦਾਰ ਤਾਂ ਕੰਬਾ ਦਿੰਦਾ ਹੈ ਸਰੀਰ
ਦੀਦਾਰ ਤਾਂ ਚਾੜ੍ਹ ਦਿੰਦਾ ਹੈ ਨਸ਼ਾ
ਦੀਦਾਰ ਅਤੇ ਪਿਆਰ ਜਦਾਂ ਹੁੰਦੇ ਹਨ ਇਕੱਠੇ
ਤਾਂ ਹੁੰਦੀ ਹੈ ਪਹਿਚਾਣ ਸਰਬੱਗਤਾ ਦੀ
ਆਪਣੇ ਆਪ ਦੀ।
ਪਰ ਲਫ਼ਜ਼ਾਂ ਨੂੰ ਕਰਨੇ ਪੈਣਗੇ ਪ੍ਰਗਟ
ਲਫ਼ਜ਼ਾਂ ਦੀ ਲੋਏ ਲੋਏ ਪਏਗਾ ਤੁਰਨਾ
ਜੇ ਲਫ਼ਜ਼ ਪ੍ਰਗਟ ਨਾ ਹੋਣ ਤਾਂ ਕਿਵੇਂ ਹੋਵੇਗੀ
ਅਰਥ ਤੱਕ ਪਹੁੰਚ? ਕਿਵੇਂ ਹੋਵੇਗਾ ਮਿਲਾਪ?
ਅਣਡਿੱਠ ਦਾ।

* * * * *

ਨਜ਼ਮ/ਸੁਰਿੰਦਰ ਮਕਸੂਦਪੁਰੀ

## ਕਾਸ਼ ਇੰਞ ਹੁੰਦਾ



ਸੋਹਣੇ ਬਾਲ ਪਰਿਵਾਰ ਨੂੰ
ਨੰਨੇ-ਮੁੰਨੇ ਸੰਸਾਰ ਨੂੰ
ਰੰਗ-ਬਰੰਗੇ ਖਿਡਾਉਣਿਆਂ ਸੰਗ
ਹੱਸਦਿਆਂ ਖੇਡਦਿਆਂ ਵੇਖ
ਬਚਪਨ ਦੀ ਰੀਲ੍ਹ
ਅੱਖਾਂ ਸਾਹਵੇਂ ਘੁੰਮਦੀ ਹੈ
ਯਾਦਾਂ ਦੀ ਸਾਹਿਤਕ ਤੰਦ
ਕਵਿਤਾ ਦੇ ਸ਼ਬਦ ਬੁਣਦੀ ਹੈ।

ਕਾਸ਼ ਇੰਞ ਹੁੰਦਾ
ਇਕ ਵਾਰ ਫਿਰ ਮੇਰੀ ਮਾਂ
ਚਮਚਾ ਛੰਨਾ ਬਾਟੀ ਜਾਂ ਗਲਾਸ ਟਣਕਾ
ਮੈਨੂੰ ਰੋਂਦੇ ਨੂੰ ਚੁੱਪ ਕਰਾਉਂਦੀ
ਮੇਰਾ ਮਨ ਪਰਚਾਉਂਦੀ
ਮੰਜੇ ਦੇ ਪਾਵਿਆਂ ਸੰਗ ਝੋਲੀ ਬੰਨ੍ਹ
ਮੈਨੂੰ ਨਿੱਕੜੇ ਨੂੰ ਲਿਟਾਉਂਦੀ
ਹੁਲਾਰਦੀ ਦੁਲਾਰਦੀ
ਤੇ ਫਿਰ ਰਸੋਈ ਦੇ ਆਹਰ-ਪਾਹਰ ਵਿਚ ਜੁੱਟ ਜਾਂਦੀ।

ਕਾਸ਼ ਇੰਞ ਹੁੰਦਾ
ਬਾਪੂ ਦੇ ਮੋਢੇ ਚੜ੍ਹ ਮਾਣੇ ਮੌਜ਼-ਮੇਲੇ
ਤੇ ਉਂਗਲ ਫੜ ਕੀਤੀਆਂ ਸਫ਼ਰ-ਸੈਰਾਂ
ਦਾ ਸੁਖਾਂਤਕ ਸਿਲਸਿਲਾ
ਚਿਰ ਸਥਾਈ ਰਹਿੰਦਾ
ਗਤੀਸ਼ੀਲ ਬਣਦਾ
ਤੇ ਮੈਂ ਦਰਪੇਸ਼ ਹਾਦਸਿਆਂ ਦੇ ਸੰਤਾਪ ਤੋਂ
ਸੁਰਖ਼ਰੂ ਹੋ ਨਿਕਲਦਾ।

ਕਾਸ਼ ਇੰਞ ਹੁੰਦਾ

ਸਕੂਲ/ਕਾਲਜ ਪੜ੍ਹਦਿਆਂ
ਦਸਾਂ ਵਿਚੋਂ ਕੋਈ ਪੰਜ ਸਵਾਲ ਕਰਨ ਦੀ ਔਪਸ਼ਨ
ਮੁੜ ਪ੍ਰਾਪਤ ਹੁੰਦੀ
ਤੇ ਮੈਂ ਹੋਈਆਂ ਭੁੱਲਾਂ/ਚੁੱਕਾਂ ਨੂੰ
ਮੁੜ ਸੋਧ-ਸਵਾਰ ਲੈਂਦਾ।

ਕਾਸ਼ ਇੰਝ ਹੁੰਦਾ
ਗ੍ਰਹਿਸਥ ਦੀ ਕਹਾਣੀ ਦਾ ਆਰੰਭ
ਮੈਂ ਜਜ਼ਬਾਤੀ ਵੇਗ ਵਿਚ ਨਹੀਂ
ਸਹਿਜ-ਸਬਰ ਸੰਗ ਕਰਦਾ
ਤੇ ਜ਼ਿੰਦਗੀ ਦੀ ਕੈਨਵਸ ਵਿਚ
ਸੁਚੱਜੇ ਸਾਰਥਿਕ ਰੰਗ ਭਰਦਾ।

ਕਾਸ਼ ਇੰਝ ਹੁੰਦਾ
ਕੰਚਨ ਵਰਗੀ ਕਾਇਆਂ ਨੂੰ
ਮੈਂ ਕਾਹਲੇ ਕਦਮੀਂ
ਖੁਦ ਇਲਾਜ ਨੂੰ ਤਰਸਦੇ
ਅਖ਼ੌਤੀ ਹਸਪਤਾਲਾਂ ਦੇ ਹਵਾਲੇ ਨਾ ਕਰਦਾ
ਤੇ ਸਿੱਧੀ ਸੁਖਾਵੀਂ ਜੀਵਨਧਾਰਾ ਦਾ ਲੜ ਫੜਦਾ।

ਕਾਸ਼ ਇੰਝ ਹੁੰਦਾ
'ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥'
ਜਾਂ
'ਅਉਖੀ ਘੜੀ ਨ ਦੇਖਣ ਦੇਈ
ਅਪਨਾ ਬਿਰਦੁ ਸਮਾਲੇ ॥'
'ਹਾਥ ਦੇਇ ਰਾਖੈ ਅਪਨੇ ਕਉ
ਸਾਸਿ ਸਾਸਿ ਪ੍ਰਤਿਪਾਲੇ ॥'
ਗੁਰਬਾਣੀ ਦੇ ਮਹਾਂਵਾਕਾਂ ਦਾ ਪਾਠ
ਮੈਂ ਮੁੱਢ ਕਦੀਮੋਂ ਕਰਦਾ
ਤੇ ਦੁੱਖਾਂ ਦੇ ਦਰਿਆ ਹੱਸ ਹੱਸ ਕੇ ਤਰਦਾ।

ਕਾਸ਼ ਇੰਝ ਹੁੰਦਾ
ਮੇਰੇ ਵਤਨ ਦੇ ਵਾਯੂਮੰਡਲ ਵਿਚ
ਨਸ਼ਿਆਂ/ਖੁਦਕੁਸ਼ੀਆਂ/ਜਬਰ-ਜਨਾਹਾਂ
ਸਮਾਜਿਕ/ਸਰਕਾਰੀ ਸਰੋਕਾਰਾਂ ਦੇ
ਪ੍ਰਦੂਸ਼ਣ ਦੀ ਕਾਲੀ ਬੋਲੀ ਹਨੇਰੀ ਨਾ ਝੁਲਦੀ
ਤੇ ਕੁਦਰਤ ਰਾਣੀ ਸਮਿਆਂ ਦੇ ਮੱਥੇ ਤੇ
ਮਨੁੱਖਤਾ ਦੀ ਖ਼ੈਰ ਖੁਸ਼ਹਾਲੀ ਖ਼ੁਣਦੀ।

ਕਾਸ਼ ਇੰਝ ਹੁੰਦਾ
ਮੇਰੇ ਦੇਸ਼ ਦੇ ਨੌਜਵਾਨ/ਧੀਆਂ-ਭੈਣਾਂ
ਫੈਸਬੁੱਕ/ਵਟਸਐਪ-ਮੈਸੰਜਰ
ਸੋਸ਼ਲ ਮੀਡੀਆ ਦਾ
ਸਾਰਥਿਕ ਉਸਾਰੂ ਲਾਹਾ ਲੈਂਦੇ
ਤੇ ਦੁਰਵਰਤੋਂ/ਸੈਲਫ਼ੀਆਂ ਰਾਹੀਂ
ਇੱਜ਼ਤ/ਆਬਰੂ/ਜਾਨਾਂ ਨਾ ਗੁਵਾਉਂਦੇ
ਯਾਰ/ਅੰਕਲ/ਆਂਟੀਆ ਨਾਲ ਸੰਬੋਧਿਤ ਹੁੰਦੇ
ਰਿਸ਼ਤਿਆਂ ਦੀ ਰਹਿਤਲ ਦੀਆਂ ਧੱਜੀਆਂ ਨਾ ਉਡਾਉਂਦੇ।

ਕਾਸ਼ ਇੰਝ ਹੁੰਦਾ
ਬੀਤੇ ਦੀ ਬੁੱਕਲ ਵਿਚ ਬੈਠਾ ਅਤੀਤ
ਵਰਤਮਾਨ ਦੇ ਰੂਬਰੂ ਹੁੰਦਾ
ਤੇ ਸਮੁੱਚੀਆਂ ਗਤੀਵਿਧੀਆਂ ਦੇ ਮੁੜ ਮੁਲਾਂਕਣ ਲਈ
ਕੋਈ ਮੁਹੱਬਤੀ ਮੁਕਾਮ ਖੁਸ਼ਨਸੀਬ ਬਣਦਾ।
ਕਾਸ਼ ਇੰਝ ਹੁੰਦਾ.....।

**234-ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144008,**
**ਮੋਬਾਇਲ ਨੰ- 99887-10234,**
**ਈ-ਮੇਲ- smaqsudpuri234@gmail.com**

## ਸ਼ਬਦਾਂ ਦੇ ਸੰਜੋਗ

* ਅੱਜ ਕੱਲ੍ਹ ਬਹੁਤੇ ਕਥਾਵਾਚਕ ਬੀਤੇ ਦੇ ਇਤਿਹਾਸ ਨੂੰ ਕਹਾਣੀਆਂ ਬਣਾ ਕੇ ਆਪਣੇ-ਆਪਣੇ ਢੰਗ ਨਾਲ ਸਟੇਜਾਂ 'ਤੇ ਬੋਲਣ ਲੱਗ ਪਏ ਹਨ।
* ਮਰ ਗਿਆਂ ਦੇ ਨਮਿਤ ਰੱਖੇ ਅਖੰਡ ਪਾਠ ਪਤਾ ਨਹੀਂ ਉਨ੍ਹਾਂ ਨੂੰ ਲੱਗਦੇ ਹਨ ਕਿ ਨਹੀਂ ਲੱਗਦੇ ਪਰ ਜੇ ਤੁਸੀਂ ਉਸ ਅਖੰਡ ਪਾਠ ਨੂੰ ਧਿਆਨ ਨਾਲ ਸੁਣ ਲਓ ਤਾਂ ਤੁਹਾਡੀ ਕਾਇਆ ਕਲਪ ਜ਼ਰੂਰ ਹੋ ਸਕਦੀ ਹੈ।
* ਆਸਥਾ ਬਰਬਾਦੀ ਦਾ ਛੁਪਿਆ ਹੋਇਆ ਨਾਮ ਹੈ ਕਿਉਂਕਿ ਆਸਥਾ ਕਿਸੇ ਹੋਰ ਵੱਲੋਂ ਦਰਸਾਇਆ ਗਿਆ। ਉਹ ਕੱਚਾ ਮਾਰਗ ਹੁੰਦਾ ਹੈ, ਜਿਸ ਬਾਰੇ ਉਸ ਨੂੰ ਖੁਦ ਨੂੰ ਵੀ ਪਤਾ ਨਹੀਂ ਹੁੰਦਾ।
* ਜਿਹੜਾ ਪਹਾੜਾਂ ਵਿੱਚੋਂ ਰੱਬ ਲੱਭਣ ਲਈ ਪੱਥਰਾਂ ਨਾਲ ਟੱਕਰਾਂ ਮਾਰਦਾ ਹੈ ਕਿਤੇ ਇਹ ਉਹੋ ਹੀ ਤੇ ਨਹੀਂ ਜਿਸ ਨੂੰ ਉਹ ਲੱਭਦਾ ਫਿਰਦਾ ਹੈ।
* ਸ਼ੱਕ ਤੋਂ ਗੱਲ ਦੀ ਸ਼ੁਰੂਆਤ ਕਰੋਗੇ ਤਾਂ ਅਸਲੀਅਤ ਨੂੰ ਜਾਣ ਜਾਵੋਗੇ। ਅੰਨ੍ਹਾ ਵਿਸ਼ਵਾਸ ਕਰੋਗੇ ਤਾਂ ਅਸਲੀਅਤ ਦਾ ਕਦੇ ਪਤਾ ਨਹੀਂ ਪਾਵੋਗੇ।
* ਸਖਤ ਅਤੇ ਕਠੋਰ ਆਦਮੀ ਹਮੇਸ਼ਾਂ ਤਰਕ ਨਾਲ ਜਿਉਂਦਾ ਹੈ ਜਦੋਂ ਕਿ ਕੋਮਲ ਤੇ ਹੁਨਰਵੰਦ ਲੋਕ ਅਹਿਸਾਸ ਨਾਲ ਜਿਉਂਦੇ ਹਨ ਪਰ ਤਰਕ ਅਤੇ ਅਹਿਸਾਸ ਦੀ ਲੜਾਈ ਵਿੱਚ ਹਮੇਸ਼ਾਂ ਅਹਿਸਾਸ ਜਿੱਤ ਜਾਂਦਾ ਹੈ।

# खालसे की वैसाखी

**संग्रहि कर्ता - ज्ञानी गजराज सिंघ**



**आनंदपुर प्रवेश** – नौवे पातशाह, साहिबजादा तथा सारा परिवार जब श्री आनंदपुर साहिब, पंजाब में आकर रहेन लगा तो रात–दिन सत्संग होता एवं अनेक श्रद्धालु दर्शन करके जीवन सफल करने लगे।

**श्री गुरु तेग बहादुर साहिब का बलिदान** – मुगल बादशाह औरंगज़ेब के अत्याचार से समूचे देश में हाहाकार मची हुई थी। वह हिन्दुओं को बलपूर्वक मुसलमान बना रहा था। औरंगज़ेब के जुल्मों से तंग आकर कश्मीरी पंडितों ने आनंदपुर साहिब आकर हिन्दू धर्म की रक्षा हेतु गुरु तेग बहादुर साहिब के समक्ष फरियाद की। कश्मीरी पंडितों की पुकार सुनकर 'हिन्द की चादर' गुरु तेग बहादुर साहिब जी ने दिल्ली जाकर हिन्दू धर्म की रक्षा हेतु अपना बलिदान दिया।

**गुरगद्दी पर शाही शान बिराजे** – पिता के बलिदान के पश्चात जब आप न वर्ष की आयु में गुरगद्दी पर विराजमान हुए तो अत्याचार से टक्कर लेने के लिए आने दादा श्री गुरु हरिगोबिन्द साहिब की तरह फिर भक्ति के साथ शक्ति को उजागर किया तथा शाही ठाठ में रहने लगे। सिर पर सुन्दर कलगी सजा ली, जो ताजों वालों के सिर झुका देती थी। हाथ में बाज और नीले घोड़े की सवारी करके शाह सवार बेन तथा तन पर शाही पोशाक और शास्त्र सजा लिए। आपका जरनैली स्वरूप और शान देख कर बड़े–बड़े अहंकारी खौफ खाते थे और आप जी के चेहरे का तेज एवं नूर उनसे झेला नहीं जाता था।

**खालसा का जन्म** – सतिगुरु जी ने समय की चाल को पहचानते हुए गुरसिक्खों को नाम सिमरन के साथ–साथ शस्त्र विद्या देनी भी प्रारम्भ कर दी। दातार शहंशाह कहते थे कि मेरा प्रत्येक सिक्ख संत सिपाही बनकर एक हाथ में माला और दूसरे हाथ में तलवार पकड़ कर शान से रह सके और अत्याचार का डटकर मुकाबला करे। इसलिए ऐसा कार्यक्रम दशमेश जी ने अपेन हृदय में नबाया हुआ था। महाराज के दिल की तमन्ना थी कि इस हिन्दू कौम में से अन्य गुरसिक्खों की खालसा कौम की सृजना की जाए। सम्वत् 1756 को वैसाखी वाले दिन सतिगुरु जी ने आनंदपुर साहिब में गुरसिक्खों का भारी समागम किया। श्रद्धालु सिक्ख दूर–दूर से चलकर आनंदपुर साहिब पहुंचे। श्री केसगढ़ तख्त जी के निकट कलगीधर जी ने एक बड़ा तम्बू लगाया हुआ था, उस तम्बू में से हाथ में नंगी तलवार लेकर दशमेश जी तख्त श्री केसगढ़ साहिब आकर खड़े हो गए। गुरु जी ने स्फूर्ति से संबोधन करते हुए कहा, 'है कोई गुरु का प्यारा? जो अपना शीश गुरु नानक के दर पर भेंट कर सके।' दशमेश पिता के वचन सुनकर प्रत्येक सिक्ख सहम गया। कई डरकर खिसकने लगे। किसी की हिम्मत न पड़ी कि कोई बात करे। फिर कलगीधर पातशाह ने चुपी तोड़कर ज़ोरदार शब्दों में सिर की मांग की और फिर तीसरी बार गुरु जी ने ललकारा तो संगत में से एक दयाराम नामक क्षत्रिय उठा और कहने लगा, ''दयावान! कृपालु!! मेरा शीश गुरु नानक के दर पर अर्पित है, स्वीकार कीजिए।'' दशमेश पिता सिक्ख को बाजू से पकड़कर तम्बू में ले गए। वहां पर उपस्थित लोगों ने कानों से एक ध्वनि सुनी और तम्बू से बाहर रक्त की धार बह रही थी। इसी प्रकार भाई धर्म सिंघ, भाई हिम्मत सिंघ, बाई मोहकम सिंघ तथा भाई साहिब सिंघ गुर चरणों में शीश अर्पण करने के लिए आए। इसके पश्चात गुरु जी ने एक सरबलोह के कटोरे में जल तथा पतासे डालकर उसमें खण्डा फेरते हुए मुख से पांच बाणियों का पाठ करके अमृत तैयार किया। तदुपरांत गुरु जी ने सरबलोह के कटोरे में से पांचों को पांच–पांच घूंट अमृतपान करवाया और पांच–पांच घूंट अमृत के केसों पर डाले तथ पांच–पांच नेत्रों पर छिड़काए। हर एक घूंट के साथ 'वाहिगुरु जी का खालसा वाहिगुरु जी की फतेह' बुलवाई और फिर जपुजी साहिब की पहली पउड़ी पांच बार पढ़ा कर कड़ाह प्रसाद एक ही कटोरे में पान करवाकर मर्यादा बताई तथा उन्हें पांच प्यारे चुना। अमृत की मर्यादा सम्पूर्ण करके गुरु जी ने फुरमाया कि आज से ये 'सिंघ' हैं।

फिर गुरु जी ने पांच प्यारों से आप अमृतपान किया और गोबिन्द राय से गोबिन्द सिंघ बने। दुनिया के इतिहास में यह पहली मिसाल है–

**'वाहुवाहु गुरु गोबिन्ध सिंघ आपे गुर चेला'।**

## Special on the eves of Parkash Purav And Joti Jot Divas

# GURU ANGAD DEV JI


ਇੰਜੀਨੀਅਰ
ਪਰਮਿੰਦਰਜੀਤ ਸਿੰਘ
ਸੰਪਾਦਕ
99153-57524





Guru Angad Dev ji born on 31 March 1504 at Matte Di Sran (ਮੱਤੇ ਦੀ ਸਰਾਂ) in Ferozepur distt. His father's name was Feru Malh ji mother's name was Daiya Kaur. His marriage was arranged with Mata Khivi ji daughter of Devk Chand and he had two sons Namely Dattu ji, Dassu ji and daughters Bibi Amro ji, Bibi Anokhi ji.

Sri Guru Angad Dev ji was successor to Sri Guru Nanak Dev ji marked out sikhism as a distinet religious system. In fact this paved the way for the Nanak Panthis to unite under the guidance of the second preceptor and make a determined bid to uphold the principles that their founder Guru had preached. In fact Sri Guru Angad dev ji's nomination as Guru gave the Sikh movement a distinctive turn at the very outset. Immedialely after the departure of Guru Nanak ji for sachkhand, Guru Angad dev ji choose to retire in a secluded place at Khadur Sahib presumably to give concrete shape to his plan of action to face immediate challanges. But some of the prominent sikhs like Baba Budhaji implored him to come out in the midst of the sikhs so as to inspire confidence in the sikh multitude. The daily routine of sikh assemblies introduced by Guru Nanak Dev ji (lone back) at kartarpur, Same to be followed at Khadur Sahib with some addtional features. Sri Guru Angad dev ji personally started caring the sikh especially the lepers while his wife Mata Khivi ji looked after the organisation of Langar. To demonstrate whole life concerns of sikhism, the Guru also ensured instructions of young children and arranging of wrestling bouts for the youth. The ended with the evening Diwan, in which Sodar followed by Arti were recited as at kartarpur. Guru Angad dev ji was an empodiment of austere living (ਸਿੱਧਾ-ਸਾਦਾ). In fact he followed the principles of "Kirt Karo, Naam Japo, Vand chhako" in the trust sense. The offerings of the devout were meant for the community and he choose to live on the small money that he earned by twisting the twine used for stringing the cots. Besided, he continued to maintain his humble disposition despite his exalted position as successor of Sri Guru Nanak Dev ji. Sri Guru Angad Dev ji emphasized the whole life character of sikhism. Guru ji exhorted the sikhs that they should have healthy physique. As its stated earlier that Sri Guru Angad Dev ji started wrestling. He himself witnessed the wrestling bouts and use to encourge young youths to participate and says to them that "A healthy body carries a healthy mind." He also emphasis on literacy, prepared Gurmukhi primers and himself inspired children to take to schooling. The main focus of all his activities was to bring into being such institutions that could help perpetuate the influence of Sri Guru Nanak Dev ji and pave the way for social regeneration. During Sri Guru Angad Dev ji's time Landa or popularly called Mahajani which had developed out of earlier scripts sharda and Takri, was the only alphabet employed in Punjab for writing vernacular. Guru Angad Dev ji found that Sikh hymns (Gurbani) written in Landa wre liable to the misread and he accordingly improved it by borrowing signs from Dev Nagri alphabet (then only used for Sanskrit Manuscripts) and by polishing up the forms of the letters so as to make them fit for recording the scriptures of sikh religion. Having been invented by him, this character become known as Gurmukhi or alphabet proceeding from the mouth of the Guru. Guru Angad Dev ji remained as Guru for thirteen years and at last he himself gave the Gurta Gaddi to Guru Amardas ji and left for his heavenly abode (such khand) on 29th March 1552.



# MATRIMONIAL



Suitable match for beautiful girl Height-5'4", DOB-1992, Qualification-B.Tech, Residence-Mohali. Cont-98765-79614

* * * * *

Suitable match for handsome boy Lobana Sikh Turbaned DOB-1991, Height-6'3", settled in Canada, Father is in Gov. Service and sister is Inspector in Punjab Police, required good looking smart girl, well qualified Height not less than 5'6".

Contact-79739-06620, 85281-73141

* * * * *

Suitable match for Saini Sikh Boy D.O.B-4-10-1991, Height-5'11", Education-M.B.A(Finance), Job in M.N.C. at Gurgaon, own house at Mohali and New Delhi, Sallary-8 Lac (per anum). Cont-98109-91977, 88002-16265

* * * * *

Sutable match for Lobana Boy Height-6'5", D.O.B-23-07-1990, Qualification-10th,Working in Kuwait. Contact-99140-52503, 0186-2224013

* * * * *

Suitable match for Lobana Sikh Turbaned boy, DOB-Jan-1989, Height-5'8", Qualification-B.sc, P.G.D.C.A, Msc.IT, Working in Private Sector, Sister settled in U.S.A. Cont-98886-29862

* * * * *

LUBANA SIKH PROFESSIONALLY QUALIFIED GIRL REQUIRED FOR ....LUBANA SIKH BOY BORN DEC '1992, 5.11FT, B E (ECE), MBA (POWER MANAGEMENT), MNC SR EXECUTIVE 09417145424, 08360907886.

* * * * *

SUITABLE MATCH FOR LOBANA SIKH TURBANED BOY, DOB- DEC 1986, HEIGHT 5'10", QUALIFICATION- BTECH, WELL SETTLED OWN BUSINESS(GOVT. DEFENCE CONTRACTOR), SEEKING WELL EDUCATED GIRL. CONT- 9815098965

* * * * *

SUITABLE MATCH FOR LOBANA SIKH BOY, (DOB: 20 FEB' 1992) HEIGHT: 5'10" EDUCATION-B.TECH, WORKING AS DEPUTY BRANCH MANAGER IN GOVERNMENT SECTOR, UNION BANK OF INDIA GWALIOR MP (PACKAGE 7.20 LPA), 1 ELDER BROTHER CITIZEN IN CANADA. CONT-8194891234

* * * * *

SUITABLE MATCH FOR LOBANA SIKH TURBANED BOY, AGE-27, HEIGHT: 5'

**8", RAJPURA, MCA, JOB: SOFTWARE QUALITY ASSURANCE ENGINEER, FAMILY: TWO BROTHERS (MARRIED) CONTACT: 9888606267**

* * * * *

**SUITABLE MATCH FOR LOBANA SIKH BOY, DOB- JULY 1988, HEIGHT 5'8", QUALIFICATION- BSC,I.T WORKING IN MNC AS DEPUTY PLANNING OFFICER AT MOHALI (PB.).**

**CONT NO -99157-82619.**

* * * * *

**SUITABLE MATCH FOR HANDSOME CLEAN SHAVENLOBANA BOY, DOB-1992, HEIGHT 6", EDUCATION( B.TECH.) (M.S MANAGEMENT USA) PURSUING M.S BUSINESS ANALYTIC FROM USA ON WORK PERMIT, WANTED GREEN CARD CITIZEN FROM USA, CONT NO-94175-12020.**

* * * * *

**SUITABLE MATCH FOR LOBANA SIKH, HANDSOME TURBANED BOY, DOB 13 JAN 1993,HEIGHT 5' 8",SCHOOLING IN ARMY PUBLIC SCHOOL,B.TECH, MBA-MARKETING & OPERATIONS FROM IBS, HYDERABAD.WORKING WITH DELOITTE USI, HYDERABAD,ELDER SISTER MARRIED & COMMISSIONED OFFICER IN INDIAN AIR FORCE. FATHER BUSINESS MAN, MOTHER GRADUATE, HOUSE WIFE, VERY WELL SETTLED & REPUTED FAMILY. CONT NO -9416030516.**

* * * * *

**SUITABLE MATCH FOR CANADIAN P.R LOBANA TURBANED SIKH BOY, DOB 16-02-1991, HEIGHT: 5' 9", PRESENTLY WORKING AS SOFTWARE ENGINEER IN CANADA QUALIFICATIONS: B. TECH., M. TECH. (CSE) MNC PREFERRED, FATHER CLASS 1 OFFICER (RETD.). CONT NO – 94175-10226.**

* * * * *

**SUITABLE MATCH FOR LOBANA GIRL DOB-27-12-1993, HEIGHT: 5'5", EDUCATION-B.D.S, M.A.S FROM F.D. UNIVERSITY VANCOUVER, JOB PRESENTLY WORKING IN DENTAL CLINIC IN VANCOUVER, CANADA.**

**CONT NO-94645-41112.**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ। ਅਦਾਰਾ ਲੁਬਾਣਾ

# ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 02-02-2020 ਤੋਂ 29-05-2020

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਦਲਜੀਤ ਸਿੰਘ ਲੁਬਾਣਾ<br>ਗਲੀ ਨੰ.05, ਰੰਧਾਵਾ ਕਲੌਨੀ, ਮੁਕੇਰੀਆ ਹੁਸ਼ਿਆਰਪੁਰ।<br>ਸੇਵਾ ਮੁਕਤ ਹੋਣ ਦੀ ਖੁਸ਼ੀ ਵਿੱਚ ਦਾਨ ਦਿੱਤਾ। | 1100/- | ਆਈ-736 | 26-02-2020 |
| 2. | ਸ. ਗੁਰਪਾਲ ਸਿੰਘ<br>ਗੁਰੂ ਲਾਧੋ-ਰੇ ਭਵਨ ਨਰਾਇਣਗੜ੍ਹ। | 500/- | ਆਈ-746 | 03-03-2020 |
| 3. | ਸ. ਜਗਮੋਹਨ ਸਿੰਘ<br>ਮਕਾਨ ਨੰ. 390, ਸੈਕਟਰ-16. ਪੰਚਕੁਲਾ | 1000/- | ਆਈ-747 | 07-03-2020 |
| 4. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 1100/- | ਆਈ-748 | 07-03-2020 |
| 5. | ਸ. ਨਰਿੰਦਰਜੀਤ ਸਿੰਘ ਨੂਰ<br>ਮਕਾਨ ਨੰ-817, ਆਤਮਾ ਨਗਰ, ਅਰਬਨ ਇਸਟੇਟ, ਕਪੂਰਥਲਾ। | 2000/- | ਆਈ-749 | 11-03-2020 |
| 6. | ਪੰਡਿਤ ਸ਼੍ਰੀ ਰਾਮ ਕੁਮਾਰ<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ 30-ਏ, ਚੰਡੀਗੜ੍ਹ। | 500/- | ਆਈ-750 | 14-03-2020 |
| 7. | ਸੁਖਪਾਲ ਸਿੰਘ<br>ਜਨਰਲ ਮੈਨੇਜਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। | 100/- | ਆਈ-751 | 14-03-2020 |
| 8. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ-541, ਫੇਜ-3ਏ, ਮੋਹਾਲੀ। | 200/- | ਆਈ-752 | 14-03-2020 |
| 9. | ਸ਼੍ਰੀਮਤੀ ਸੁਸ਼ਮਾ ਸ਼ਰਮਾ<br>ਮਕਾਨ ਨੰ. 105, ਫੇਜ-3-ਬੀ-1 ਮੋਹਾਲੀ। | 200/- | ਆਈ-753 | 14-03-2020 |
| 10. | ਸ. ਮਨਜੀਤ ਸਿੰਘ ਮੁਲਤਾਨੀ<br>(ਸੀਨੀਅਰ ਵਾਈਸ ਪ੍ਰਧਾਨ) ਮਕਾਨ ਨੰ-1005, ਸੈਕਟਰ-71, ਮੋਹਾਲੀ। | 2100/- | ਆਈ-754 | 14-03-2020 |
| 11. | ਸ. ਰਨਦੀਪ ਸਿੰਘ ਪੁੱਤਰ ਸ. ਪ੍ਰਤਾਪ ਸਿੰਘ<br>ਮਕਾਨ ਨੰ.5701, ਸੈਕਟਰ-38 ਚੰਡੀਗੜ੍ਹ।<br>ਜਨਮ ਦਿਨ ਦੀ ਖੁਸ਼ੀ ਵਿੱਚ | 100/- | ਆਈ-755 | 14-03-2020 |
| 12. | ਸ੍ਰੀਮਾਨ ਸੁਦਰਸ਼ਨ ਜੀ<br>ਮਕਾਨ ਨੰ. 5710, ਸੈਕਟਰ-38, ਚੰਡੀਗੜ੍ਹ। | 100/- | ਆਈ-756 | 14-03-2020 |

| | | | | |
|---|---|---|---|---|
| 13. | ਸ. ਅਮਰਜੀਤ ਸਿੰਘ ਘੋਤੜਾ<br>ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ,<br>ਸੈਕਟਰ-30-ਏ, ਚੰਡੀਗੜ੍ਹ। ਐਚ.ਐਮ-102, ਫੇਸ-3ਬੀ-1, ਮੋਹਾਲੀ। | 500/- | ਆਈ-757 | 14-03-2020 |
| 14. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ,<br>ਸੈਕਟਰ-30-ਏ, ਚੰਡੀਗੜ੍ਹ। ਮਕਾਨ ਨੰ-1838, ਸੈਕਟਰ-7, ਮੋਹਾਲੀ। | 500/- | ਆਈ-758 | 14-03-2020 |
| 15. | ਸ. ਪ੍ਰਭਜੋਤ ਸਿੰਘ<br>ਪੁੱਤਰ ਸ. ਸੁਖਵਿੰਦਰ ਸਿੰਘ, ਪਿੰਡ ਬਲਟਾਣਾ, ਮੋਹਾਲੀ। ਜਨਮ ਦਿਨ ਦੀ ਖੁਸ਼ੀ ਵਿੱਚ ਦਾਨ ਦਿੱਤਾ। | 200/- | ਆਈ-759 | 14-03-2020 |
| 16. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲਬਾਣਾ ਫਾਊਂਡੇਸ਼ਨ ਚੰਡੀਗੜ੍ਹ। | 200/- | ਆਈ-760 | 14-03-2020 |
| 17. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ। | 200/- | ਆਈ-761 | 14-03-2020 |
| 18. | ਸ. ਰਵਿੰਦਰ ਸਿੰਘ<br>ਸਕੱਤਰ ਬਾਬਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ। | 200/- | ਆਈ-762 | 14-03-2020 |
| 19. | ਸ. ਮੁਹਿੰਦਰ ਸਿੰਘ<br>ਮਕਾਨ ਨੰ. 3685, ਸੈਕਟਰ-46ਸੀ, ਚੰਡੀਗੜ੍ਹ। | 250/- | ਆਈ-763 | 14-03-2020 |
| 20. | ਸ. ਸੁਰਿੰਦਰ ਸਿੰਘ, ਚੰਡੀਗੜ੍ਹ | 200/- | ਆਈ-764 | 14-03-2020 |
| 21. | ਸ. ਦਰਬਾਰਾ ਸਿੰਘ<br>ਮਕਾਨ ਨੰ. 130, 46ਸੀ, ਚੰਡੀਗੜ੍ਹ। | 200/- | ਆਈ-765 | 14-03-2020 |
| 22. | ਜੀ.ਐਸ. ਸੈਨੀ<br>ਸੈਕਟਰ-7, ਮੋਹਾਲੀ। | 500/- | ਆਈ-766 | 14-03-2020 |
| 23. | ਸ.ਪ੍ਰੀਤਮ ਸਿੰਘ ਭੋਪਾਲ<br>ਡੀ.ਪੀ.ਆਈ (ਰਿਟਾ.) ਚੰਡੀਗੜ੍ਹ। | 100/- | ਆਈ-767 | 14-03-2020 |
| 24. | ਸ. ਰਾਜਪਾਲ ਸਿੰਘ ਸੁਜਲਾਣਾ<br>ਰਿਜ਼ਨਲ ਪ੍ਰਧਾਨ ਬਮਸ਼ਲ ਫਾਊਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ। ਮਕਾਨ ਨੰ-43, ਮਨੀਮਾਜਰਾ। | 500/- | ਆਈ-768 | 14-03-2020 |
| 25. | ਸ. ਗੁਰਨਾਮ ਸਿੰਘ<br>ਮਕਾਨ ਨੰ. 1027, ਸੈਕਟਰ-71, ਮੋਹਾਲੀ। | 200/- | ਆਈ-769 | 14-03-2020 |
| 26. | ਜੇ.ਪੀ. ਵਰਮਾ<br>ਮਕਾਨ ਨੰ. 3459, ਸੈਕਟਰ-40ਡੀ, ਚੰਡੀਗੜ੍ਹ। | 200/- | ਆਈ-770 | 14-03-2020 |

| | | | | |
|---|---|---|---|---|
| 27. | ਸ.ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16, ਚੰਡੀਗੜ੍ਹ। | 500/- | ਆਈ-771 | 14-03-2020 |
| 28. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16ਏ, ਚੰਡੀਗੜ੍ਹ। | 500/- | ਆਈ-772 | 14-03-2020 |
| 29. | ਸ. ਨਰਿੰਦਰ ਸਿੰਘ<br>ਚੇਅਰਮੈਨ (ਇਲੈਕਸ਼ਨ ਕਮੇਟੀ), ਮਕਾਨ ਨੰ.7113, ਸੈਕਟਰ-125, ਮੋਹਾਲੀ। | 500/- | ਆਈ-773 | 14-03-2020 |
| 30. | ਸ. ਨਿਰਮਲ ਸਿੰਘ<br>ਮੈਨਟੇਨੈਂਸ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ<br>ਸੈਕਟਰ-30-ਏ, ਚੰਡੀਗੜ੍ਹ। ਮਕਾਨ ਨੰ-2354, ਫੇਜ਼-10, ਮੋਹਾਲੀ। | 200/- | ਆਈ-774 | 14-03-2020 |
| 31. | ਸੂਬੇਦਾਰ ਮੇਜਰ ਸ. ਜਸਪਾਲ ਸਿੰਘ ਜ਼ੀਰਕਪੁਰ | 100/- | ਆਈ-775 | 14-03-2020 |
| 32. | ਸ. ਗੁਰਬਚਨ ਸਿੰਘ<br>ਮਕਾਨ ਨੰ-2808/2, ਸੈਕਟਰ-47-ਸੀ, ਚੰਡੀਗੜ੍ਹ। | 100/- | ਆਈ-776 | 14-03-2020 |
| 33. | ਪੰਡਿਤ ਸ਼੍ਰੀ ਰਾਮ ਕੁਮਾਰ<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ 30-ਏ, ਚੰਡੀਗੜ੍ਹ। | 500/- | ਆਈ-778 | 13-04-2020 |
| 34. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ,<br>ਸੈਕਟਰ-30-ਏ, ਚੰਡੀਗੜ੍ਹ। ਮਕਾਨ ਨੰ-1838, ਸੈਕਟਰ-7, ਮੋਹਾਲੀ। | 500/- | ਆਈ-780 | 13-04-2020 |
| 35. | ਸ. ਅਮਰਜੀਤ ਸਿੰਘ ਘੋਤੜਾ<br>ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ।<br>ਐਚ.ਐਮ-102, ਫੇਸ-3ਬੀ-1, ਮੋਹਾਲੀ। | 500/- | ਆਈ-781 | 13-04-2020 |
| 36. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ-541, ਫੇਜ-3ਏ, ਮੋਹਾਲੀ। | 200/- | ਆਈ-782 | 13-04-2020 |
| 37. | ਸ. ਰਵਿੰਦਰ ਸਿੰਘ<br>ਸਕੱਤਰ ਬਾਬਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30-ਏ, ਚੰਡੀਗੜ੍ਹ। ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ। | 200/- | ਆਈ-783 | 13-04-2020 |
| 38. | ਸ. ਸੁਖਪਾਲ ਸਿੰਘ ਜਿੰਮੀ ਅਸਟ੍ਰੇਲੀਆ<br>ਸਪੁੱਤਰ ਸ. ਨਿਰਮਲ ਸਿੰਘ,<br>ਮੈਂਟੀਨੇਸ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-2354, ਫੇਜ਼-10, ਮੋਹਾਲੀ। | 500/- | ਆਈ-784 | 13-04-202 |
| 39. | ਸ. ਨਿਰਮਲ ਸਿੰਘ<br>ਮੈਂਟੀਨੇਸ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30ਏ, ਚੰਡੀਗੜ੍ਹ। | 200/- | ਆਈ-785 | 13-04-2020 |

| | | | | |
|---|---|---|---|---|
| 40. | ਬਲਵਿੰਦਰ ਸਿੰਘ ਘੋਤੜਾ<br>ਮਕਾਨ ਨੰ.326, ਸੈਕਟਰ-49ਡੀ, ਚੰਡੀਗੜ੍ਹ। | 200/- | ਆਈ-786 | 13-04-2020 |
| 41. | ਬਲਵਿੰਦਰ ਸਿੰਘ ਘੋਤੜਾ<br>ਮਕਾਨ ਨੰ.326, ਸੈਕਟਰ-49ਡੀ, ਚੰਡੀਗੜ੍ਹ। | 4100/- | ਆਈ-787 | 13-04-2020 |
| 42. | ਸੁਖਪਾਲ ਸਿੰਘ<br>ਜਨਰਲ ਮੈਨੇਜਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ।<br>ਐਚ.ਐਮ-102, ਫੇਸ-3ਬੀ-1, ਮੋਹਾਲੀ। | 100/- | ਆਈ-788 | 13-04-2020 |
| 43. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ. 42, ਸੈਕਟਰ-16ਏ, ਚੰਡੀਗੜ੍ਹ। | 4000/- | ਆਈ-805 | 08-05-2020 |
| 44. | ਪੰਡਿਤ ਸ਼੍ਰੀ ਰਾਮ ਕੁਮਾਰ<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ<br>ਸੈਕਟਰ 30-ਏ,ਚੰਡੀਗੜ੍ਹ। | 500/- | ਆਈ-810 | 14-05-2020 |
| 45. | ਸ. ਰਵਿੰਦਰ ਸਿੰਘ<br>ਸਕੱਤਰ ਬਾਬਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ<br>ਸੈਕਟਰ-30-ਏ, ਚੰਡੀਗੜ੍ਹ।ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ। | 200/- | ਆਈ-811 | 14-05-2020 |
| 46. | ਸ. ਸੁਖਪਾਲ ਸਿੰਘ ਜਿੰਮੀ ਅਸਟ੍ਰੇਲੀਆ<br>ਸਪੁਤਰ ਸ. ਨਿਰਮਲ ਸਿੰਘ, ਮੈਂਟੀਨੇਸ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-2354, ਫੇਜ਼-10, ਮੋਹਾਲੀ। | 200/- | ਆਈ-813 | 14-05-2020 |
| 47. | ਸ. ਨਿਰਮਲ ਸਿੰਘ<br>ਮੈਨਟੇਨੈਂਸ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-2354, ਫੇਜ਼-10, ਮੋਹਾਲੀ। | 200/- | ਆਈ-814 | 14-05-2020 |
| 48. | ਸ. ਚਰਨਜੀਤ ਸਿੰਘ ਲੁਬਾਣਾ<br>ਮਕਾਨ ਨੰ.ਐਚ.ਐਲ.600, ਫੇਜ-09, ਮੋਹਾਲੀ। | 500/- | ਆਈ-815 | 14-05-2020 |
| 49. | ਸ. ਰਾਜਪਾਲ ਸਿੰਘ ਸੁਜਲਾਣਾ<br>ਰੀਜਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ,<br>ਸੈਕਟਰ-30-ਏ, ਚੰਡੀਗੜ੍ਹ।ਮਕਾਨ ਨੰ-43, ਮਨੀਮਾਜਰਾ। | 500/- | ਆਈ-816 | 14-05-2020 |
| 50. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਮੀਤ ਪ੍ਰਧਾਨ, ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30ਏ, ਚੰਡੀਗੜ੍ਹ। | 200/- | ਆਈ-817 | 14-05-2020 |
| 51. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-1838, ਸੈਕਟਰ-7, ਮੋਹਾਲੀ। | 500/- | ਆਈ-818 | 14-05-2020 |

| | | | | |
|---|---|---|---|---|
| 52. | ਸ.ਅਮਰਜੀਤ ਸਿੰਘ ਘੋਤੜਾ<br>ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ। | 500/- | ਆਈ-819 | 14-05-2020 |
| 53. | ਸ੍ਰੀਮਤੀ ਸੁਸ਼ਮਾ ਸ਼ਰਮਾ<br>ਮਕਾਨ ਨੰ.105, ਫੇਜ.3-ਬੀ-1, ਮੋਹਾਲੀ। | 200/- | ਆਈ-820 | 14-05-2020 |
| 54. | ਸਰਦਾਰਨੀ ਨਰਿੰਦਰ ਕੌਰ ਮੁਲਤਾਨੀ<br>ਪਤਨੀ ਬਲਵਿੰਦਰ ਸਿੰਘ ਮੁਲਤਾਨੀ,<br>ਮਕਾਨ ਨੰ.541, 3ਏ, ਮੋਹਾਲੀ। | 500/- | ਆਈ-821 | 14-03-2020 |
| 55. | ਸ. ਬਲਵੀਰ ਸਿੰਘ ਪਾਲੀਆ<br>ਮਕਾਨ ਨੰ. 307, ਫੇਜ-09, ਮੋਹਾਲੀ। | 1100/- | ਆਈ-823 | 14-03-2020 |
| 56. | ਸ. ਨਿਰਮਲ ਸਿੰਘ ਘੋਤੜਾ<br>ਗਰੀਨ ਇਨਕਲੇਵ ਮੋਹਾਲੀ। | 500/- | ਆਈ-824 | 14-03-2020 |

## ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦਿਆ ਹੋਇਆ ਦਾਨੀ ਸੱਜਣਾਂ ਵਲੋਂ ਭਵਨ ਨੂੰ ਦਾਨ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ। | 1000/- | ਆਈ-793 | 04-05-2020 |
| 2. | ਸ.ਅਮਰਜੀਤ ਸਿੰਘ ਘੋਤੜਾ<br>ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ<br>ਸੈਕਟਰ-30-ਏ, ਚੰਡੀਗੜ੍ਹ। | 1000/- | ਆਈ-794 | 04-05-2020 |
| 3. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ-541, ਫੇਜ-3ਏ, ਮੋਹਾਲੀ। | 1000/- | ਆਈ-795 | 04-05-2020 |
| 4. | ਸ. ਰਾਜਪਾਲ ਸਿੰਘ ਸੁਜਲਾਣਾ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ,<br>ਸੈਕਟਰ-30-ਏ, ਚੰਡੀਗੜ੍ਹ।ਮਕਾਨ ਨੰ-43, ਮਨੀਮਾਜਰਾ। | 1000/- | ਆਈ-797 | 04-05-2020 |
| 5. | ਸ. ਰਵਿੰਦਰ ਸਿੰਘ<br>ਸਕੱਤਰ ਬਾਬਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ<br>ਸੈਕਟਰ-30-ਏ, ਚੰਡੀਗੜ੍ਹ।ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ। | 500/- | ਆਈ-798 | 04-05-2020 |
| 6. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ। | 1000/- | ਆਈ-799 | 06-05-2020 |
| 7. | ਸ. ਗੁਰਜੀਤ ਸਿੰਘ<br>ਮਕਾਨ ਨੰ. 1225.ਫੇਜ-11, ਮੋਹਾਲੀ। | 200/- | ਆਈ-800 | 06-05-2020 |

| | | | | |
|---|---|---|---|---|
| 8. | ਸ.ਚਰਨਜੀਤ ਸਿੰਘ ਲੁਬਾਣਾ<br>ਮਕਾਨ ਨੰ.ਐਚ.ਐਲ.600, ਫੇਜ.09, ਮੋਹਾਲੀ। | 500/- | ਆਈ-801 | 06-05-2020 |
| 9. | ਸ.ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ. 1005, ਸੈਕਟਰ-71, ਮੋਹਾਲੀ। | 1000/- | ਆਈ-802 | 06-05-2020 |
| 10. | ਸ.ਭਗਤ ਸਿੰਘ ਆਈ.ਏ.ਐਸ (ਰਿਟਾ.)<br>ਮਕਾਨ ਨੰ.795, 3ਬੀ1, ਮੋਹਾਲੀ। | 2100/- | ਆਈ-803 | 06-05-2020 |
| 11. | ਸ.ਰਵਿੰਦਰ ਸਿੰਘ<br>ਸਕੱਤਰ ਬਾਬਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30-ਏ, ਚੰਡੀਗੜ੍ਹ।ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ। | 200/- | ਆਈ-804 | 8-05-2020 |
| 12. | ਸ.ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16, ਚੰਡੀਗੜ੍ਹ। | 500/- | ਆਈ-807 | 08-05-2020 |
| 13. | ਸਰਦਾਰਨੀ ਰਜਿੰਦਰ ਕੌਰ<br>ਪਤਨੀ ਸ.ਹਰਦਿਆਲ ਸਿੰਘ ਘੋਤੜਾ, ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲਬਾਣਾ ਫਾਉਂਡੇਸ਼ਨ ਚੰਡੀਗੜ੍ਹ। | 1100/- | ਆਈ-808 | 11-05-2020 |
| 14. | ਸ.ਗੁਰਚਰਨ ਸਿੰਘ (ਸਾਬਕਾ ਪ੍ਰਧਾਨ)<br>ਮਕਾਨ.117, ਸੈਕਟਰ-35ਏ, ਚੰਡੀਗੜ੍ਹ। | 1000/- | ਆਈ-809 | 13-05-2020 |
| 15. | ਸ.ਨਰਿੰਦਰ ਸਿੰਘ ਪੀ.ਸੀ.ਐਸ(ਰਿਟਾ.),<br>ਮਕਾਨ ਨੰ.7113.ਸੈਕਟਰ.125, ਨਿਉ ਸਨੀ ਇਨਕਲੇਵ, ਮੋਹਾਲੀ। | 25,000/- | ਐਨ-1526 | 14-05-2020 |
| 16. | ਸਰਦਾਰਨੀ ਦਲਵਿੰਦਰ ਕੌਰ ਪਤਨੀ<br>ਸ.ਬਲਵਿੰਦਰ ਸਿੰਘ ਮੁਲਤਾਨੀ, ਮਕਾਨ.3267,<br>ਸੈਕਟਰ-49ਡੀ, ਚੰਡੀਗੜ੍ਹ। | 8200/- | ਆਈ-812 | 14-05-2020 |
| 17. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ-62, ਸੈਕਟਰ 71, ਮੋਹਾਲੀ। | 2100/- | ਆਈ-825 | 16-05-2020 |
| 18. | ਸ.ਕੁਲਵਿੰਦਰ ਸਿੰਘ<br>ਮਕਾਨ.ਨੰ-2443ਬੀ, ਸਨੀ ਇਨਕਲੇਵ ਮੋਹਾਲੀ। | 1001/- | ਆਈ-826 | 16-05-2020 |
| 19. | ਸ਼੍ਰੀ ਜਗਮੋਹਨ ਸਿੰਘ<br>ਮਕਾਨ ਨੰ.390, ਸੈਕਟਰ-16, ਪੰਚਕੂਲਾ। | 2100/- | ਆਈ-827 | 18-05-2020 |
| 20. | ਸ.ਸੰਦੀਪ ਸਿੰਘ ਐਡੀਸ਼ਨਲ ਸ਼ੈਸਨ ਜੱਜ<br>ਮਕਾਨ ਨੰ.1518, ਫੇਜ-10, ਮੋਹਾਲੀ। | 2100/- | ਆਈ-828 | 18-05-2020 |
| 21. | ਡਾ.ਸਵਰਨ ਸਿੰਘ<br>ਮਕਾਨ ਨੰ. ਐਚ.ਐਮ. 84, ਫੇਜ-3ਬੀ1, ਮੋਹਾਲੀ। | 1000/- | ਆਈ-829 | 23-05-2020 |
| 22. | ਸ.ਨਰਿੰਦਰ ਸਿੰਘ (ਰਿਜ਼ਨਲ ਪ੍ਰਧਾਨ)<br>ਮਕਾਨ ਨੰ.8 ਏ, ਗਾਂਧੀ ਨਗਰ ਜੰਮੂ। | 2100/- | ਆਈ-830 | 27-05-2020 |
| 23. | ਸ.ਸਰਜਿੰਦਰ ਸਿੰਘ<br>ਅੰਬਾਲਾ ਕੈਂਟ (ਰਾਹੀਂ ਹਰਦਿਆਲ ਸਿੰਘ ਘੋਤੜਾ) | 3100/- | ਆਈ-831 | 29-05-2020 |

## ਜ਼ਰੂਰਤਮੰਦ ਵਿਦਿਆਰਥੀ ਨੂੰ ਦਾਨੀ ਸੱਜਣਾਂ ਨੇ ਲੈਪਟੋਪ ਵਾਸਤੇ ਦਾਨ ਦਿੱਤਾ

| ਲੜੀ ਨੰ. | ਨਾਮ ਤੇ ਪਤਾ | ਰਾਸ਼ੀ | ਰਸੀਦ ਨੰ. | ਮਿਤੀ |
|---|---|---|---|---|
| 1. | ਸ. ਭਗਤ ਸਿੰਘ ਆਈ.ਏ.ਐਸ (ਰਿਟਾ.)<br>ਮਕਾਨ ਨੰ.795, 3ਬੀ1, ਮੋਹਾਲੀ। | 5000/- | ਆਈ-737 | 28-02-2020 |
| 2. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ। | 5000/- | ਆਈ-738 | 01-03-2020 |
| 3. | ਸ. ਅਮਰਜੀਤ ਸਿੰਘ ਘੋਤੜਾ<br>ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ। | 2000/- | ਆਈ-739 | 01-03-2020 |
| 4. | ਸ. ਰਾਜਪਾਲ ਸਿੰਘ ਸੁਜਲਾਣਾ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ,<br>ਸੈਕਟਰ-30-ਏ, ਚੰਡੀਗੜ੍ਹ। ਮਕਾਨ ਨੰ-43, ਮਨੀਮਾਜਰਾ। | 2000/- | ਆਈ-740 | 01-03-2020 |
| 5. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ-541, ਫੇਜ-3ਏ, ਮੋਹਾਲੀ। | 2000/- | ਆਈ-741 | 01-03-2020 |
| 6. | (ਲੈਕ. ਗੁਲਸ਼ਨ ਕੁਮਾਰ ਸਿੰਘ)<br>ਵਾਇਸ ਪ੍ਰਧਾਨ, ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ। | 1000/- | ਆਈ-742 | 01-03-2020 |
| 7. | ਸ. ਰਵਿੰਦਰ ਸਿੰਘ<br>ਸਕੱਤਰ ਬਾਬਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30-ਏ, ਚੰਡੀਗੜ੍ਹ। ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ। | 1000/- | ਆਈ-743 | 01-03-2020 |
| 8. | ਸ. ਨਿਰਮਲ ਸਿੰਘ<br>ਮੈਨਟੇਨੈਂਸ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ<br>ਸੈਕਟਰ-30-ਏ, ਚੰਡੀਗੜ੍ਹ। ਮਕਾਨ ਨੰ-2354, ਫੇਜ਼-10, ਮੋਹਾਲੀ। | 1000/- | ਆਈ-744 | 01-03-2020 |
| 9. | ਸ. ਗੁਰਪਾਲ ਸਿੰਘ<br>ਗੁਰੂ ਲਾਧੋ-ਰੇ ਭਵਨ ਨਰਾਇਣਗੜ੍ਹ। | 1100/- | ਆਈ-745 | 01-03-2020 |

## ਲੰਗਰ ਲਗਾਉਣ ਵਾਲੇ ਦਾਨੀ ਸੱਜਨਾ ਦੀ ਸੂਚੀ

| ਲੜੀ ਨੰ. | ਨਾਮ ਤੇ ਪਤਾ | ਰਾਸ਼ੀ | ਰਸੀਦ ਨੰ. | ਮਿਤੀ |
|---|---|---|---|---|
| 1. | ਪੰਡਿਤ ਸ਼੍ਰੀ ਰਾਮ ਕੁਮਾਰ<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 1100/- | ਆਈ-779 | 13-04-2020 |
| 2. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-1838, ਸੈਕਟਰ-7, ਮੋਹਾਲੀ। | 2000/- | ਆਈ-789 | 13-04-2020 |

| | | | | |
|---|---|---|---|---|
| 3. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ-541, ਫੇਜ-3ਏ, ਮੋਹਾਲੀ। | 2000/- | ਆਈ-790 | 13-04-2020 |
| 4. | ਸ. ਅਮਰਜੀਤ ਸਿੰਘ ਘੋਤੜਾ<br>ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30-ਏ, ਚੰਡੀਗੜ੍ਹ, ਐਚ.ਐਮ-102, ਫੇਸ-3ਬੀ-1, ਮੋਹਾਲੀ। | 2000/- | ਆਈ-791 | 13-04-2020 |
| 5. | ਸ. ਰਵਿੰਦਰ ਸਿੰਘ<br>ਸਕੱਤਰ ਬਾਬਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30-ਏ, ਚੰਡੀਗੜ੍ਹ। ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ। | 1000/- | ਆਈ-792 | 13-04-2020 |
| 6. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ.42, ਸੈਕਟਰ 16ਏ, ਚੰਡੀਗੜ੍ਹ। | 5100/- | ਆਈ-806 | 08-05-2020 |

# ਬਾਣੀ ਮਹਲਾ ੯ ਸਟੀਕ

## ੧ੴ ਸਤਿਗੁਰ ਪ੍ਰਸਾਦਿ ॥

## ਗਉੜੀ ਮਹਲਾ ੯ ॥

**ਸਾਧੋ ਰਚਨਾ ਰਾਮ ਬਨਾਈ ॥**
**ਇਕਿ ਬਿਨਸੈ ਇਕ ਅਸਥਿਰੁ ਮਾਨੈ, ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥**
**ਕਾਮ ਕ੍ਰੋਧ ਮੋਹ ਬਸਿ ਪ੍ਰਾਨੀ, ਹਰਿ ਮੂਰਤਿ ਬਿਸਰਾਈ ॥**
**ਝੂਠਾ ਤਨੁ ਸਾਚਾ ਕਰਿ ਮਾਨਿਓ, ਜਿਉ ਸੁਪਨਾ ਰੈਨਾਈ ॥੧॥**
**ਜੋ ਦੀਸੈ ਸੋ ਸਗਲ ਬਿਨਾਸੈ, ਜਿਉ ਬਾਦਰ ਕੀ ਛਾਈ ॥**
**ਜਨ ਨਾਨਕ ਜਗੁ ਜਾਨਿਓ, ਮਿਥਿਆ ਰਹਿਓ ਰਾਮ ਸਰਨਾਈ ॥੨॥੨॥**

**ਪਦ ਅਰਥ :** ਰਾਮ-ਰਾਮ ਨੇ। ਇਕਿ-ਕੋਈ ਮਨੁੱਖ। ਬਿਨਸੈ-ਮਰਦਾ ਹੈ। ਅਸਥਿਰੁ-ਸਦਾ ਕਾਇਮ ਰਹਿਣ ਵਾਲਾ। ਮਾਨੈ-ਮੰਨਦਾ ਹੈ, ਸਮਝਦਾ ਹੈ। ਲਖਿਓ ਨ ਜਾਈ-ਬਿਆਨ ਨਹੀਂ ਕੀਤਾ ਜਾ ਸਕਦਾ।੧। ਰਹਾਉ।

ਬਸਿ-ਵੱਸ ਵਿਚ। ਪ੍ਰਾਨੀ-ਜੀਵ। ਹਰਿ ਮੂਰਤਿ-ਹਰੀ ਦੀ ਮੂਰਤੀ, ਪਰਮਾਤਮਾ ਦੀ ਹਸਤੀ। ਝੂਠਾ-ਨਾਸਵੰਤ। ਸਾਚਾ-ਸਦਾ-ਥਿਰ ਰਹਿਣ ਵਾਲਾ। ਰੈਨਾਈ-ਰਾਤ (ਦਾ)।੧।

ਸਗਲ-ਸਾਰਾ। ਬਾਦਰ-ਬੱਦਲ। ਛਾਈ-ਛਾਂ। ਜਾਨਿਓ-ਜਾਣਿਆ ਹੈ। ਮਿਥਿਆ-ਨਾਸਵੰਤ। ਰਹਿਓ-ਟਿਕਿਆ ਰਹਿੰਦਾ ਹੈ।੨।

**ਅਰਥ -** ਹੇ ਸੰਤ ਜਨੋ! ਪਰਮਾਤਮਾ ਨੇ (ਜਗਤ ਦੀ ਇਹ ਅਸਚਰਜ) ਰਚਨਾ ਰਚ ਦਿੱਤੀ ਹੈ (ਕਿ) ਇਕ ਮਨੁੱਖ (ਤਾਂ) ਮਰਦਾ ਹੈ (ਪਰ) ਦੂਜਾ ਮਨੁੱਖ (ਉਸ ਨੂੰ ਮਰਦਿਆਂ ਵੇਖ ਕੇ ਭੀ ਆਪਣੇ ਆਪ ਨੂੰ) ਸਦਾ ਟਿਕੇ ਰਹਿਣ ਵਾਲਾ ਸਮਝਦਾ ਹੈ। ਇਹ ਇਕ ਅਸਚਰਜ ਤਮਾਸ਼ਾ ਹੈ ਜੋ ਬਿਆਨ ਨਹੀਂ ਕੀਤਾ ਜਾ ਸਕਦਾ।੧। ਰਹਾਉ।

(ਹੇ ਸੰਤ ਜਨੋ!) ਮਨੁੱਖ ਕਾਮ ਦੇ ਕ੍ਰੋਧ ਦੇ ਮੋਹ ਦੇ ਕਾਬੂ ਵਿਚ ਆਇਆ ਰਹਿੰਦਾ ਹੈ ਤੇ ਪਰਮਾਤਮਾ ਦੀ ਹਸਤੀ ਨੂੰ ਭੁਲਾਈ ਰੱਖਦਾ ਹੈ। ਇਹ ਸਰੀਰ ਸਦਾ-ਥਿਰ ਰਹਿਣ ਵਾਲਾ ਨਹੀਂ ਹੈ, ਪਰ ਮਨੁੱਖ ਇਸ ਨੂੰ ਸਦਾ ਕਾਇਮ ਰਹਿਣ ਵਾਲਾ ਸਮਝਦਾ ਹੈ, ਜਿਵੇਂ ਰਾਤ ਵੇਲੇ (ਸੁੱਤਿਆਂ ਜੇਹੜਾ) ਸੁਪਨਾ (ਆਉਂਦਾ ਹੈ, ਮਨੁੱਖ ਨੀਂਦਰ ਦੀ ਹਾਲਤ ਵਿਚ ਉਸ ਸੁਪਨੇ ਨੂੰ ਅਸਲੀ ਵਾਪਰ ਰਹੀ ਗੱਲ ਸਮਝਦਾ ਹੈ)।੧।

(ਹੇ ਸੰਤ ਜਨੋ!) ਜਿਵੇਂ ਬੱਦਲ ਦੀ ਛਾਂ (ਸਦਾ ਇਕ ਥਾਂ ਟਿਕੀ ਨਹੀਂ ਰਹਿ ਸਕਦੀ, ਤਿਵੇਂ) ਜੋ ਕੁਝ (ਜਗਤ ਵਿਚ) ਦਿੱਸ ਰਿਹਾ ਹੈ, ਇਹ ਸਭ ਕੁਝ (ਆਪਣੇ ਆਪਣੇ ਸਮੇਂ) ਨਾਸ ਹੋ ਜਾਂਦਾ ਹੈ। ਹੇ ਦਾਸ ਨਾਨਕ! (ਜਿਸ ਮਨੁੱਖ ਨੇ) ਜਗਤ ਨੂੰ ਨਾਸਵੰਤ ਸਮਝ ਲਿਆ ਹੈ, ਉਹ (ਸਦਾ-ਥਿਰ ਰਹਿਣ ਵਾਲੇ) ਪਰਮਾਤਮਾ ਦੀ ਸਰਨ ਪਿਆ ਰਹਿੰਦਾ ਹੈ।੨।੨।

# ਸ਼ੁਭ ਅਨੰਦ ਕਾਰਜ



ਡਾ. ਚਰਨਜੋਤ ਕੌਰ ਸਪੁੱਤਰੀ ਸਰਦਾਰਨੀ ਪ੍ਰਭਜੋਤ ਕੌਰ ਅਤੇ ਇੰਜੀਨੀਅਰ ਪਰਮਿੰਦਰਜੀਤ ਸਿੰਘ ਦਾ ਸ਼ੁੱਭ ਅਨੰਦ ਕਾਰਜ ਡਾ. ਜਸਪ੍ਰੀਤ ਸਿੰਘ ਸਪੁੱਤਰ ਸਰਦਾਰਨੀ ਜਤਿੰਦਰ ਕੌਰ ਅਤੇ ਸਰਦਾਰ ਦੀਦਾਰ ਸਿੰਘ ਨਾਲ ਪੂਰਨ ਗੁਰਮਰਿਆਦਾ ਅਨੁਸਾਰ ਹੋਇਆ। ਵਿਆਹ ਵਿਚ ਕਿਸੇ ਵੀ ਕਿਸਮ ਦਾ ਕੋਈ ਲੈਣ-ਦੇਣ ਨਹੀਂ ਕੀਤਾ ਗਿਆ ਅਤੇ ਮਿਲਣੀਆਂ ਵੀ ਬੜੇ ਸਾਦੇ ਢੰਗ (ਫੁੱਲਾਂ ਦੇ ਹਾਰਾਂ ਦੇ ਅਦਾਨ-ਪ੍ਰਦਾਨ) ਨਾਲ ਕੀਤੀਆਂ ਗਈਆਂ। ਨਵ-ਵਿਆਹੀ ਜੋੜੀ ਨੂੰ ਉਚੇਚੇ ਤੌਰ 'ਤੇ ਅਸ਼ੀਰਵਾਦ ਦੇਣ ਲਈ ਪ੍ਰਮੁੱਖ ਧਾਰਮਿਕ, ਰਾਜਨੀਤਕ ਅਤੇ ਸਮਾਜਕ ਸਖ਼ਸ਼ੀਅਤ ਪਹੁੰਚੀਆਂ ਜਿਨ੍ਹਾਂ ਵਿਚ ਬੀਬੀ ਜਗੀਰ ਕੌਰ ਜੀ ਸਾਬਕਾ ਮੰਤਰੀ, ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪ੍ਰਧਾਨ ਇਸਤਰੀ ਅਕਾਲੀ ਦਲ ਪੰਜਾਬ, ਸਾਬਕਾ ਮੰਤਰੀ ਸ. ਜਗਤਾਰ ਸਿੰਘ ਮੁਲਤਾਨੀ, ਸ. ਜਗੀਰ ਸਿੰਘ ਲਾਲੀਆ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸ. ਸੁਰਜੀਤ ਸਿੰਘ ਭੱਟੀਆਂ, ਡਾ. ਪਰਮਜੀਤ ਸਿੰਘ ਸਰੋਆ ਸਕੱਤਰ ਐਸ.ਜੀ.ਪੀ.ਸੀ., ਐਸ.ਪੀ. ਸ. ਕੁਲਵਿੰਦਰ ਸਿੰਘ ਥਿਆੜਾ, ਸ. ਅਜੀਤ ਸਿੰਘ ਸੁਭਾਨਪੁਰ, ਸ. ਰਘਬੀਰ ਸਿੰਘ ਸੁਭਾਨਪੁਰ, ਸ. ਪ੍ਰੀਤਮ ਸਿੰਘ ਗਿਲਜੀਆਂ, ਸ. ਮਨਜੀਤ ਸਿੰਘ ਦਸੂਹਾ, ਸ. ਬਲਵਿੰਦਰ ਸਿੰਘ ਸੁਭਾਨਪੁਰ, ਸ. ਸੁਖਜਿੰਦਰ ਸਿੰਘ ਸੁਭਾਨਪੁਰ, ਸ. ਬਲਦੇਵ ਸਿੰਘ ਗਿਲਜੀਆਂ, ਸ. ਸੁੱਚਾ ਸਿੰਘ ਬੀ.ਈ.ਪੀ.ਓ. (ਰਿਟਾ) ਹਿੰਮਤਪੁਰ, ਸ. ਸਰਬਜੀਤ ਸਿੰਘ ਆਡਿਟ ਅਫ਼ਸਰ (ਰਿਟਾ.) ਮੁਕੇਰੀਆਂ, ਸ. ਭੁਪਿੰਦਰ ਸਿੰਘ ਬੌਬੀ (ਯੂ.ਐਸ.ਏ.), ਸ. ਹਰਭਜਨ ਸਿੰਘ ਐਸ.ਈ. (ਰਿਟਾ.) ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸ. ਪ੍ਰੀਤਮ ਸਿੰਘ ਨਾਰੰਗਪੁਰ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸ. ਗੁਰਚਰਨ ਸਿੰਘ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸ. ਹਰਬੰਸ ਸਿੰਘ ਸਾਬਕਾ ਜਨਰਲ ਸੈਕਟਰੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸ. ਮਹਿੰਦਰ ਸਿੰਘ ਸਮੁੰਦਰੀ ਸੀਨੀਅਰ ਵਾਈਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸ. ਅਮਰਜੀਤ ਸਿੰਘ ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਬੀਬਾ ਹਰਪ੍ਰੀਤ ਕੌਰ ਸਾਬਕਾ ਜਨਰਲ ਸੈਕਟਰੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸ. ਗੁਲਸ਼ਨ ਕੁਮਾਰ ਸਿੰਘ, ਬ੍ਰਿਗੇਡੀਅਰ ਮਨਜੀਤ ਸਿੰਘ, ਬੀਬਾ ਸਰਬਜੀਤ ਕੌਰ ਕੌਂਸਲਰ ਜਲੰਧਰ, ਮਨਜੀਤ ਕੌਰ ਖ਼ਾਲਸਾ, ਸ. ਸੁਖਵਿੰਦਰ ਸਿੰਘ ਬਿੱਲਾ ਸਾਬਕਾ ਕੌਂਸਲਰ ਬੇਗੋਵਾਲ, ਸ. ਜਗਜੀਤ ਸਿੰਘ ਭਗਤਾਣਾ ਐਸ.ਪੀ. (ਰਿਟਾ.), ਸ. ਬਲਜੀਤ ਸਿੰਘ ਐਸ.ਈ. (ਰਿਟਾ.), ਸ. ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.), ਸ. ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਪ੍ਰਿੰ. ਸ. ਟਹਿਲ ਸਿੰਘ, ਡਾ. ਗੁਰਬਚਨ ਸਿੰਘ ਕਪੂਰਥਲਾ, ਸ. ਗੁਰਨਾਮ ਸਿੰਘ ਇਨਫੋਰਸਮੈਂਟ ਡਾਇਰੈਕਟਰ (ਰਿਟਾ.), ਸ. ਗੁਰਦਰਸ਼ਨ ਸਿੰਘ, ਸ. ਰਜਿੰਦਰ ਸਿੰਘ, ਸ. ਸਰਜੰਟ ਸਿੰਘ, ਸ. ਤਵਿੰਦਰ ਸਿੰਘ ਅਤੇ ਹੋਰ ਬਹੁਤ ਸਾਰੀਆਂ ਇਲਾਕੇ ਦੀਆਂ ਪ੍ਰਮੁੱਖ ਸਖ਼ਸ਼ੀਅਤਾਂ ਹਾਜ਼ਰ ਸਨ।

**ਜੋਗਿੰਦਰ ਸਿੰਘ ਅਜੈਬ, ਕੋ-ਐਡੀਟਰ**

Regd No. 32212/78 Postal No.-- G/CHD/0111/2018-2020



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖੂਬਸੂਰਤ ਦ੍ਰਿਸ਼




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਚੱਲ ਰਹੇ ਹੈਲਥ ਕੇਅਰ ਸੈਂਟਰ ਦੇ ਵੱਖ-ਵੱਖ ਵਿੰਗਾਂ ਦਾ ਦ੍ਰਿਸ਼